**ਲੋਨ ਹੀ ਲੋਨ**

ਇੱਥੇ ਹਰ ਪ੍ਰਕਾਰ ਦੇ ਲੋਨ ਕੀਤੇ ਜਾਂਦੇ ਹਨ। ਜਲਦੀ ਲੋਨ ਕਰਵਾਉਣ ਲਈ

ਸੰਪਰਕ ਕਰੋ:

83603-07973

82091-13418

Rni.PUNPUN/2022/85964

# ਮਾਲਵਾ ਬਾਣੀ

E.mail. malwabani2021@gmail.com

ਸਾਲ 4 ▪ ਅੰਕ 158 ▪ 04 ਸਤੰਬਰ 2025 ▪ ਵੀਰਵਾਰ ▪ ਸਫ਼ੇ 08 ▪ ਮੁੱਲ 2 ਰੁਪਏ ▪ ਸ੍ਰੀ ਮੁਕਤਸਰ ਸਾਹਿਬ

**ਪੱਤਰਕਾਰਾਂ ਦੀ ਲੋੜ ਹੈ**

ਸ੍ਰੀ ਮੁਕਤਸਰ ਸਾਹਿਬ ਤੋਂ ਰੋਜਾਨਾ ਪ੍ਰਕਾਸ਼ਿਤ ਹੁੰਦੇ ਮਾਲਵਾ ਬਾਣੀ ਅਖਬਾਰ ਨੂੰ ਵੱਖ ਵੱਖ ਜਿਲ੍ਹਿਆਂ ਵਿੱਚੋਂ ਪੱਤਰਕਾਰਾਂ ਦੀ ਲੋੜ ਹੈ। ਚਾਹਵਾਨ ਪੱਤਰਕਾਰ ਬਣਨ ਲਈ ਸੰਪਰਕ ਕਰਨ।

ਮੋ. 78890-72071

## ਗਰੀਬ ਪਰਿਵਾਰ ਦੇ ਮਕਾਨ ਦੀ ਛੱਤ ਡਿੱਗਣ ਕਾਰਨ ਪਤੀ-ਪਤਨੀ ਦੀ ਮੌਤ, ਪੋਤਾ ਜ਼ਖ਼ਮੀ



**ਤਪਾ ਮੰਡੀ**, 03 **ਸਤੰਬਰ** (**ਬੰਟੀ ਦੀਕਸ਼ਿਤ**)- ਇਥੋਂ 7 ਕਿਲੋਮੀਟਰ ਦੂਰ ਪਿੰਡ ਮੌੜ ਨਾਭਾ ਵਿਖੇ ਇੱਕ ਗਰੀਬ ਪਰਿਵਾਰ ਦੇ ਮਕਾਨ ਦੀ ਛੱਤ ਡਿੱਗਣ ਕਾਰਨ ਪਤੀ-ਪਤਨੀ ਦਾ ਮੌਤ ਅਤੇ ਪੋਤਾ ਗੰਭੀਰ ਰੂਪ 'ਚ ਜਖਮੀ ਹੋਣ ਦਾ ਦਰਦਨਾਕ ਸਮਾਚਾਰ ਮਿਲਿਆਂ ਹੈ। ਇਸ ਸੰਬੰਧੀ ਪਿੰਡ ਮੌੜ ਨਾਭਾ ਦੇ ਸਰਪੰਚ ਮਲਕੀਤ ਸਿੰਘ ਨੇ ਦੱਸਿਆ ਕਿ ਪਿਛਲੇ ਕਈ ਦਿਨਾਂ ਤੋਂ ਪੈ ਰਹੀ ਭਾਰੀ ਵਰਖਾ ਕਾਰਨ ਬੀਤੀ ਰਾਤ ਕੋਈ 12 ਵਜੇ ਦੇ ਕਰੀਬ ਕਰਨੈਲ ਸਿੰਘ ਪੁੱਤਰ ਗੁਰਦਿਆਲ ਸਿੰਘ,ਪਤਨੀ ਨਿੰਦਰ ਕੌਰ ਅਤੇ ਪੋਤਾ ਮਹਿਕਪ੍ਰੀਤ ਸਿੰਘ ਘਰ 'ਚ ਸੁੱਤੇ ਪਏ ਸੀ ਅਚਾਨਕ ਮਕਾਨ ਦੀ ਛੱਤ ਡਿੱਗਣ ਕਾਰਨ ਉਕਤ ਮਲਬੇ ਹੇਠਾਂ ਦੱਬੇ ਗਏ। ਕਰਨੈਲ ਸਿੰਘ ਦੇ ਬੇਟੇ ਅਲਗ ਕਮਰਿਆਂ 'ਚ ਪਏ ਸਨ। ਰਾਤ ਦਾ ਸਮਾਂ ਹੋਣ ਕਾਰਨ ਖੜਕਾ ਸੁਣ ਕੇ ਆਂਢ ਗੁਆਂਢ ਅਤੇ ਪਿੰਡ ਦੇ ਸਰਪੰਚ ਨੇ ਪਿੰਡ ਦੇ ਗੁਰਦੁਆਰਾ ਸਾਹਿਬ 'ਚ ਅਨਾਊਸਮੈਂਟ ਕਰਵਾ ਦਿੱਤੀ ਜਿਨ੍ਹਾਂ ਇਕੱਠੀ ਹੋਈ ਭੀੜ ਨੇ ਮਲਬੇ ਹੇਠਾਂ ਦੱਬੇ ਪਤੀ ਪਤਨੀ ਅਤੇ ਪੋਤੇ ਨੂੰ ਕੱਢਕੇ ਸਿਵਲ ਹਸਪਤਾਲ ਤਪਾ ਲਿਆਂਦਾ ਗਿਆ ਪਰ ਪਤੀ-ਪਤਨੀ ਦੀ ਮੌਤ ਹੋ ਗਈ ਅਤੇ ਪੋਤਾ ਗੰਭੀਰ ਰੂਪ 'ਚ ਜਖਮੀ ਹੋਣ ਕਾਰਨ ਜੇਰੇ ਇਲਾਜ ਤਪਾ ਹੈ।ਘਟਨਾ ਦਾ ਪਤਾ ਲੱਗਦੈ ਹੀ ਸ਼ਹਿਣਾ ਪੁਲਸ ਨੇ ਵੀ ਮੌਕੇ ਤੇ ਪਹੁੰਚ ਕੇ ਮ੍ਰਿਤਕ ਪਤੀ-ਪਤਨੀ ਨੂੰ ਮੋਰਚਰੀ ਰੂਮ ਪੋਸਟ ਮਾਰਟਮ ਲਈ ਭੇਜ ਦਿੱਤਾ ਗਿਆ ਹੈ। ਪਿੰਡ ਨਿਵਾਸੀਆਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਮ੍ਰਿਤਕ ਪਰਿਵਾਰ ਲਈ ਮੁਆਵਜਾ ਦਿੱਤਾ ਜਾਵੇ।ਘਟਨਾ ਦਾ ਪਤਾ ਲੱਗਦੇ ਹੀ ਮੌਕੇ ਦਾ ਪਟਵਾਰੀ ਅਤੇ ਆਮ ਆਦਮੀ ਪਾਰਟੀ ਦੇ ਵਰਕਰ ਵੀ ਪਹੁੰਚ ਗਏ ਗਈ।

## ਪਾਣੀ ਦੀ ਨਿਕਾਸੀ ਰੁਕਣ ਤੋਂ ਖਫਾ ਹੋਏ ਬਸਤੀ ਨਿਵਾਸੀਆਂ ਨੇ ਧਰਨਾ ਲਗਾ ਕੇ ਕੀਤੀ ਨਾਅਰੇਬਾਜ਼ੀ

### ਖਬਰ ਲਿਖੇ ਜਾਣ ਤੱਕ ਧਰਨਾ ਜਾਰੀ ਸੀ



**ਤਪਾ ਮੰਡੀ**,03 **ਸਤੰਬਰ** (**ਬੰਟੀ ਦੀਕਸ਼ਿਤ**)- ਸ਼ਹਿਰ ਦੇ ਨਾਮਦੇਵ ਮਾਰਗ ਤੇ ਬਾਜ਼ੀਗਰ ਬਸਤੀ ਦੇ ਨਿਵਾਸੀਆਂ ਵੱਲੋਂ ਪਾਣੀ ਦੀ ਨਿਕਾਸੀ ਨੂੰ ਲੈ ਕੇ ਧਰਨਾ ਲਗਾਏ ਜਾਣ ਦਾ ਸਮਾਚਾਰ ਸਾਹਮਣੇ ਆਇਆ ਹੈ, ਜਿਸ ਦਾ ਕਾਰਨ ਉਹਨਾਂ ਕਿਸੇ ਪਰਿਵਾਰ ਵੱਲੋਂ ਨਾਜਾਇਜ਼ ਕਬਜ਼ਾ ਕਰਨਾ ਦੱਸਿਆ। ਮੌਕੇ ਤੇ ਇਕੱਠੇ ਹੋਏ ਬਾਜੀਗਰ ਬਸਤੀ ਦੇ ਬਸ਼ਿੰਦਿਆਂ ਕਿਰਨਾ ਦੇਵੀ, ਵੀਰਾਂ ਸਿੰਘ, ਸੱਤਪਾਲ, ਗੁਰਜੰਟ ਸਿੰਘ, ਕੁਲਦੀਪ ਕੌਰ, ਮਨਜੀਤ ਕੌਰ, ਮੱਖਣ ਕੌਰ, ਰਾਜਵਿੰਦਰ ਸਿੰਘ, ਮਹਿੰਦਰੋ, ਹੰਸ਼ੋ ਦੇਵੀ, ਰਾਣੀ ਦੇਵੀ ਆਦਿ ਨੇ ਦੱਸਿਆ ਕਿ ਇਕ ਪਰਿਵਾਰ ਵਲੋਂ ਕੀਤੇ ਨਜਾਇਜ ਕਬਜ਼ੇ ਦੇ ਚਲਦਿਆਂ ਪਾਣੀ ਦੀ ਨਿਕਾਸੀ ਬੰਦ ਹੋ ਗਈ ਹੈ।ਜਿਸ ਕਾਰਨ ਬਰਸਾਤ ਦਾ ਪਾਣੀ ਸਾਡੇ ਘਰਾਂ ਵਿਚ ਪਾਣੀ ਦਾਖਲ ਹੋ ਗਿਆ ਅਤੇ ਕੰਧਾਂ ਡਿੱਗਣ ਅਤੇ ਕੰਧਾਂ ਨੂੰ ਤਰੇੜਾਂ ਆਉਣ ਕਾਰਨ ਤਰਪਾਲਾਂ ਨਾਲ ਢੱਕਿਆਂ ਗਿਆ ਹੈ। ਉਨ੍ਹਾਂ ਕਿਹਾ ਕਿ ਨਗਰ ਕੌਸਲ ਤਪਾ ਵੱਲੋਂ ਇਥੋਂ ਉਸਾਰੀ ਨਾ ਕਰਨ ਦਾ ਨੋਟਿਸ ਵੀ ਲਗਾ ਦਿੱਤਾ ਸੀ ਅਤੇ ਐਸ.ਡੀ.ਐਮ,ਪੁਲਸ ਪ੍ਰਸ਼ਾਸਨ ਨੂੰ ਵੀ ਮੰਗ ਪੱਤਰ ਦਿੱਤਾ ਗਿਆ ਸੀ ਪਰ ਕਬਜਾ ਧਾਰਕਾਂ ਨੂੰ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਕੀਤੀ ਅਤੇ ਨਜਾਇਜ ਉਸਾਰੀ ਕਰਕੇ ਪਾਣੀ ਰੋਕ ਦਿੱਤਾ ਹੈ ਉਨ੍ਹਾਂ ਪ੍ਰਸ਼ਾਸਨ ਨੂੰ ਚੇਤਾਵਨੀ ਦਿੱਤੀ ਕਿ ਉਨ੍ਹਾਂ ਉਸ ਸਮੇਂ ਤੱਕ ਧਰਨਾ ਨਹੀਂ ਚੁਕਿਆਂ ਜਾਵੇਗਾ ਜਿਨ੍ਹਾਂ ਸਮਾਂ ਇਸ ਨਜਾਇਜ ਉਸਾਰੀ ਹਟਾਕੇ ਪਾਣੀ ਦੀ ਨਿਕਾਸੀ ਦਾ ਪ੍ਰਬੰਧ ਨਹੀਂ ਕੀਤਾ ਜਾਂਦਾ। ਇਸ ਸੰਬੰਧੀ ਜਦ ਕਾਰਜਸਾਧਕ ਅਫਸਰ ਹਰਪ੍ਰੀਤ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਅਸੀਂ ਪਹਿਲਾਂ ਹੀ 195 ਦੇ ਤਹਿਤ ਨਜਾਇਜ ਉਸਾਰੀ ਨੋਟਿਸ ਜਾਰੀ ਕੀਤਾ ਹੋਇਆ ਹੈ,ਅਗਰ ਫਿਰ ਵੀ ਇਹ ਨਜਾਇਜ ਉਸਾਰੂੀ ਨਹੀਂ ਛੱਡਣਗੇ ਤਾਂ ਇਹ ਮਾਮਲਾ ਮਾਨਯੋਗ ਅਦਾਲਤ 'ਚ ਚਲਾ ਜਾਵੇਗਾ। ਇਸ ਮੌਕੇ ਹਾਜਰ ਚੌਂਕੀ ਇੰਚਾਰਜ ਬਲਜੀਤ ਸਿੰਘ ਢਿਲੋਂ ਅਪਣੀ ਪੁਲਸ ਪਾਰਟੀ ਧਰਨਾਕਾਰੀਆਂ ਨੂੰ ਸਮਝਾਉਣ 'ਚ ਲੱਗੀ ਹੋਈ ਸੀ ਪਰ ਧਰਨਾਕਾਰੀ,ਅੜੇ ਹੋਏ ਸੀ ਕਿ ਜਿਨ੍ਹਾਂ ਸਮਾਂ ਨਜਾਇਜ ਉਸਾਰੀ ਢਾਹੀ ਨਹੀਂ ਜਾਂਦੀ ਧਰਨਾ ਜਾਰੀ ਰਹੇਗਾ। ਕਬਜਾਧਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਇਹ ਜਗ੍ਹਾਂ ਲੱਖਾਂ ਰੁਪਏ ਦੀ ਮੁੱਲ ਲੈਕੇ ਉਸਾਰੀ ਕੀਤੀ ਹੈ,ਕੋਈ ਨਜਾਇਜ ਨਹੀਂ ਕੀਤੀ ਗਈ।

## ਪ੍ਰਵਾਸੀ ਮਜਦੂਰਾਂ ਦੀਆਂ ਝੌਂਪੜੀਆਂ 'ਚ ਮੀਂਹ ਦਾ ਪਾਣੀ ਦਾਖਲ ਹੋਣ ਕਾਰਨ ਘਰੇਲੂ ਸਮਾਨ ਹੋਇਆ ਖਰਾਬ

### ਖੁੱਲ੍ਹੇ ਅਸਮਾਨ ਹੇਠਾਂ ਰਹਿਣ ਲਈ ਹੋਏ ਮਜਬੂਰ, ਪ੍ਰਸ਼ਾਸਨ ਦੀ ਬੇਧਿਆਨੀ



**ਤਪਾ ਮੰਡੀ**,03 **ਸਤੰਬਰ** (**ਬੰਟੀ ਦੀਕਸ਼ਿਤ**)- ਸਥਾਨਕ ਪੁਰਾਣੇ ਵੇਅਰ ਹਾਊਸ ਨੇੜੇ ਪ੍ਰਵਾਸੀ ਮਜਦੂਰਾਂ ਦੀਆਂ ਝੁੱਗੀ ਝੌਂਪੜੀਆਂ 'ਚ ਮੀਂਹ ਦਾ ਪਾਣੀ ਦਾਖਲ ਹੋਣ ਘਰੇਲੂ ਸਮਾਨ ਖਰਾਬ ਹੋਣ ਕਾਰਨ ਖੁਲ੍ਹੇ ਅਸਮਾਨ ਹੇਠਾਂ ਰਹਿਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਇਸ ਸੰਬੰਧੀ ਜਦ ਸਾਡੇ ਪ੍ਰਤੀਨਿਧ ਨੇ ਝੁੱਗੀ ਝੌਂਪੜੀਆਂ ਕੋਲ ਜਾਕੇ ਦੌਰਾ ਕੀਤਾ ਤਾਂ ਇਕੱਤਰ ਹੋਈਆ ਪ੍ਰਵਾਸੀ ਮਹਿਲਾਵਾਂ ਜਾਨਕੀ ਦੇਵੀ, ਸੋਨੀਆ ਦੇਵੀ, ਬਿਮਲਾ ਦੇਵੀ, ਗੂੰਜਣ ਦੇਵੀ, ਪੂਜਾ ਦੇਵੀ, ਗਾਇਤਰੀ ਦੇਵੀ, ਮਾਲਾ ਦੇਵੀ, ਰਿਤਮਦੇਵੀ, ਬਬੀਤਾ ਦੇਵੀ, ਗੀਤੂ ਦੇਵੀ, ਨੀਤੂ ਦੇਵੀ, ਵਿਕਾਸ, ਚੰਦਰ ਦੇਵ, ਬੇਬੀ ਦੇਵੀ, ਜੋਤੀ ਦੇਵੀ,ਚੇਤਨ ਬਾਵਾ,ਚੰਦਰ ਸੇਖਰ ਆਦਿ ਦਾ ਕਹਿਣਾ ਸੀ ਕਿ ਉਹ ਲਗਭਗ ਦੋ ਦਹਾਕਿਆਂ ਤੋਂ ਇਥੇ ਆ ਕੇ ਝੁੱਗੀ ਝੌਂਪੜੀਆਂ ਲਈ ਜਗ੍ਹਾਂ ਕਿਰਾਏ 'ਤੇ ਲੈਕੇ ਅਪਣੇ ਪਰਿਵਾਰਾਂ ਸਮੇਤ ਰਹਿ ਕੇ ਮੇਹਨਤ ਮਜਦੂਰੀ ਕਰਕੇ ਗੁਜਾਰਾ ਕਰ ਰਹੀਆਂ ਹਨ। ਉਨ੍ਹਾਂ ਦੇ ਇਥੋਂ ਦੇ ਆਧਾਰ ਕਾਰਡ,ਪੈਨਕਾਰਡ ਅਤੇ ਵੋਟਾਂ ਵੀ ਬਣੀਆਂ ਹੋਈਆਂ ਹਨ ਪਰ ਸਰਕਾਰ ਵੱਲੋਂ ਉਨ੍ਹਾਂ ਨੂੰ ਕੋਈ ਵੀ ਸਰਕਾਰੀ ਸਹੂਲਤ ਜਿਵੇਂ ਬਿਜਲੀ, ਪਾਣੀ, ਸੀਵਰੇਜ ਇਥੋਂ ਤੱਕ ਕਿ ਮੁਫਤ ਕਣਕ ਵਾਲਾ ਕਾਰਡ ਵੀ ਨਹੀਂ ਬਣਿਆਂ ਹੋਇਆ। ਉਨ੍ਹਾਂ ਦੱਸਿਆ ਕਿ ਲਗਾਤਾਰ ਪੈ ਰਹੀ ਵਰਖਾ ਕਾਰਨ ਮੀਂਹ ਦਾ ਸਾਰਾ ਪਾਣੀ ਉਨ੍ਹਾਂ ਦੀਆਂ ਝੌਂਪੜੀਆਂ 'ਚ ਦਾਖਲ ਹੋਣ ਕਾਰਨ ਸਾਰਾ ਖਾਣ-ਪੀਣ ਵਾਲਾ ਸਮਾਨ ਖਰਾਬ ਹੋ ਗਿਆ ਹੈ,ਇਥੋਂ ਤੱਕ ਕਿ ਛੋਟੇ-ਛੋਟੇ ਬੱਚਿਆਂ ਨੂੰ ਖੁਲ੍ਹੇ ਅਸਮਾਨ 'ਚ ਲੈਕੇ ਆਪਣੀ ਜਿੰਦਗੀ ਬਤੀਤ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਵੋਟਾਂ ਸਮੇਂ ਸਾਰੀਆਂ ਪਾਰਟੀਆਂ ਦੇ ਉਮੀਦਵਾਰ ਉਨ੍ਹਾਂ ਪਾਸ ਆਕੇ ਵੱਡੇ-ਵੱਡੇ ਦਾਅਵੇ ਕਰਕੇ ਜਾਂਦੇ ਹਨ ਕਿ ਜਦ ਸਾਡੀ ਸਰਕਾਰ ਆ ਗਈ ਤਾਂ ਕੱਚੇ ਘਰਾਂ ਨੂੰ ਪੱਕੇ ਮਕਾਨ ਬਣਾ ਕੇ ਦਿੱਤੇ ਜਾਣਗੇ ਪਰ ਅਕਾਲੀ ਦਲ,ਕਾਂਗਰਸ ਅਤੇ ਹੁਣ ਆਮ ਆਦਮੀ ਪਾਰਟੀ ਦੇ ਕਿਸੇ ਵੀ ਨੁਮਾਇੰਦੇ ਨੇ ਉਨ੍ਹਾਂ ਦੀ ਸਾਰ ਨਹੀਂ ਲਈ ਨਾ ਹੀ ਕੋਈ ਸਮਾਜ ਸੇਵੀ ਸੰਸਥਾਵਾਂ ਉਨ੍ਹਾਂ ਦੀ ਮਦਦ ਲਈ ਬਹੁੜੀਆਂ ਹਨ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਹੈ ਕਿ ਸਰਕਾਰ ਉਨ੍ਹਾਂ ਦੀ ਸਾਰ ਲੈਕੇ ਮਦਦ ਕਰੇ। ਕਿਉਂਕਿ ਅਜਿਹੇ ਮੌਸਮ 'ਚ ਕੋਈ ਮਜਦੂਰੀ ਆਦਿ ਵੀ ਨਹੀਂ ਮਿਲਦੀ ਅਤੇ ਬੱਚੇ ਇੱਕ ਡੰਗ ਦੀ ਰੋਟੀ ਖਾਕੇ ਗੁਜਾਰਾ ਕਰ ਰਹੇ ਹਨ।ਉਨ੍ਹਾਂ ਇਹ ਵੀ ਦੱਸਿਆ ਕਿ ਗਰਮੀ 'ਚ ਧੁੱਪ ਅਤੇ ਸਰਦੀ 'ਚ ਕੜਾਕੇ ਦੀ ਸਰਦੀ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ,ਜਿਸ ਕਾਰਨ ਉਨ੍ਹਾਂ ਨੂੰ ਉਸ ਸਮੇਂ ਵੀ ਮੁਸ਼ਕਲਾਂ ਆਉਂਦੀਆਂ ਹਨ।ਉਨ੍ਹਾਂ ਇਹ ਵੀ ਦੱਸਿਆ ਕਿ ਜਿਲਾ ਪ੍ਰਸ਼ਾਸਨ ਉਨ੍ਹਾਂ ਦੀਆਂ ਝੁੱਗੀ ਝੌਂਪੜੀਆਂ ਦਾ ਦੌਰਾ ਕਰਕੇ ਸਾਰ ਲਵੇ।

## ਗਰੀਬ ਪਰਿਵਾਰ ਦੇ ਮਕਾਨ ਦੀ ਡਿੱਗੀ ਛੱਤ, ਲੱਖਾਂ ਰੁਪਏ ਦਾ ਨੁਕਸਾਨ



**ਤਪਾ ਮੰਡੀ**, 03 **ਸਤੰਬਰ** (**ਬੰਟੀ ਦੀਕਸ਼ਿਤ**)- ਸਥਾਨਕ ਪੁਰਾਣਾ ਬਾਜਾਰ 'ਚ ਸਥਿਤ ਇੱਕ ਗਰੀਬ ਪਰਿਵਾਰ ਦੇ ਮਕਾਨ ਦੀ ਛੱਤ ਡਿੱਗਣ ਕਾਰਨ ਘਰੇਲੂ ਸਮਾਨ ਮਲਬੇ ਹੇਠਾਂ ਦੱਬਣ ਕਾਰਨ ਲੱਖਾਂ ਰੁਪਏ ਦਾ ਨੁਕਸਾਨ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਇਸ ਸੰਬੰਧੀ ਪੀੜਤ ਪਰਿਵਾਰ ਸੁਖਦੇਵ ਸਿੰਘ ਪੁੱਤਰ ਮੰਗੂ ਰਾਮ ਮਹਿਰਾ ਵਾਸੀ ਪੰਡਿਤਾਂ ਵਾਲੀ ਗਲੀ ਨੇ ਦੱਸਿਆ ਕਿ ਉਸ ਦੀ ਛੱਤ ਡਾਂਟਾ ਵਾਲੀ ਬਣੀ ਹੋਈ ਸੀ ਅੱਜ ਸਵੇਰ ਸਮੇਂ ਜਦ ਉਹ ਕੰਮ ਕਰ ਰਹੇ ਸੀ ਤਾਂ ਅਚਾਨਕ ਮਕਾਨ ਦੀ ਛੱਤ ਡਿੱਗ ਪਈ ਪਰ ਜਾਨੀ ਨੁਕਸਾਨ ਤੋ ਬਚਾਅ ਰਿਹਾ ਪਰ ਘਰੇਲੂ ਸਮਾਨ ਮਲਬੇ ਹੇਠਾਂ ਆਉਣ ਕਾਰਨ ਲੱਖਾਂ ਰੁਪਏ ਦਾ ਨੁਕਸਾਨ ਹੋ ਗਿਆ।ਤਾਜੋਕੇ ਰੋਡ ਸਥਿਤ ਢਿਲੋਂ ਬਸਤੀ ਦੀਆਂ ਮਹਿਲਾਵਾਂ ਸੁਨੀਤਾ ਦੇਵੀ,ਮਨਜੀਤ ਕੌਰ, ਪਰਮਜੀਤ ਕੌਰ, ਪਿੰਕੀ ਆਦਿ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਘਰਾਂ ਦੇ ਚਾਰੇ ਪਾਸੇ ਪਾਣੀ ਹੀ ਪਾਣੀ ਹੋਣ ਕਾਰਨ ਘਰ ਨੂੰ ਜਾਣ ਲਈ ਕੋਈ ਰਾਸਤਾ ਨਹੀਂ ਹੈ ਅਤੇ ਰਾਸਤੇ ਵਿਚਕਾਰ ਬਿਜਲੀ ਦਾ ਖੰਭਾ ਖੜ੍ਹਾ ਹੈ।ਛੱਤਾਂ ਮੀਂਹ ਦੇ ਪਾਣੀ ਨਾਲ ਟਪਕ ਕਾਰਨ ਮਕਾਨਾਂ 'ਚ ਤਰੇੜਾਂ ਆ ਰਹੀਆਂ ਹਨ। ਅਗਰ ਹੋਰ ਜਿਆਦਾ ਵਾਰਿਸ਼ ਆ ਗਈ ਤਾਂ ਮਕਾਨ ਡਿੱਗਣ ਦਾ ਖਤਰਾ ਬਣਿਆਂ ਹੋਇਆ ਹੈ,ਉਨ੍ਹਾਂ ਦੱਸਿਆ ਵਾਰਡ ਕੌਸਲਰ ਉਨ੍ਹਾਂ ਦਾ ਮੋਬਾਇਲ ਨਹੀਂ ਚੁੱਕ ਰਿਹਾ। ਉਨ੍ਹਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਦੇ ਘਰਾਂ 'ਚ ਹੋ ਰਹੀ ਭੈੜੀ ਦੁਰਦਸ਼ਾ ਨੂੰ ਪਹਿਲ ਦੇ ਆਧਾਰ ਤੇ ਦੇਖਕੇ ਘਰਾਂ ਨੂੰ ਜਾਣ ਵਾਲਾ ਰਾਸਤਾ ਬਣਵਾਇਆ ਜਾਵੇ ਅਤੇ ਹੋਰ ਥਾਵਾਂ ਤੋਂ ਆ ਰਿਹਾ ਮੀਂਹ ਦੇ ਪਾਣੀ ਦੀ ਰੋਕ ਲਗਾਈ ਜਾਵੇ ਅਜਿਹਾ ਨਾ ਹੋਵੇ ਕਿ ਉਨ੍ਹਾਂ ਦੇ ਘਰ ਢਹਿ ਢੇਰੀ ਹੋ ਜਾਣ ਅਤੇ ਰਾਹ 'ਚ ਲੱਗਿਆਂ ਬਿਜਲੀ ਖੰਭਾ ਵੀ ਹਾਦਸਿਆਂ ਨੂੰ ਸੱਦਾ ਦੇ ਰਿਹਾ ਹੈ।ਜਿਸ ਨੂੰ ਪੁੱਟ ਇੱਕ ਸਾਈਡ ਤੇ ਲਗਾਇਆ ਜਾਵੇ।ਇਸ ਸੰਬੰਧੀ ਜਦ ਐਸ.ਡੀ.ਐਮ ਆਯੂਸ਼ ਗੋਇਲ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਜੋ ਵੀ ਮਾਮਲੇ ਉਨ੍ਹਾਂ ਦੇ ਧਿਆਨ 'ਚ ਆ ਰਹੇ ਹਨ ਪਟਵਾਰੀ ਗਿਰਦਾਵਰੀ ਕਰਕੇ ਰਿਪੋਰਟ ਦੇ ਆਧਾਰ 'ਤੇ ਉਚ-ਅਧਿਕਾਰੀਆਂ ਨੂੰ ਭੇਜ ਦਿੱਤਾ ਜਾਵੇਗਾ।

### ਢਿਲੋਂ ਬਸਤੀ 'ਚ ਘਰਾਂ ਦੇ ਮਕਾਨਾਂ 'ਚ ਆਈਆਂ ਤਰੇੜਾਂ ਨੂੰ ਲੈ ਕੇ ਪ੍ਰਸ਼ਾਸਨ ਖਿਲਾਫ ਰੋਸ਼

## ਪੁਲਿਸ ਨੇ ਰੇਲਵੇ ਸਟੇਸ਼ਨਾ 'ਤੇ ਚਲਾਇਆ ਚੈਕਿੰਗ ਆਪ੍ਰੇਸ਼ਨ, ਐਂਟੀ ਸਾਬੋਟੇਜ ਅਤੇ ਡੌਗ ਸਕਾਡ ਦੀਆ ਟੀਮਾਂ ਰਾਹੀਂ ਸ਼ੱਕੀ ਗਤੀਵਿਧੀਆਂ 'ਤੇ ਰੱਖੀ ਜਾ ਰਹੀ ਪੈਨੀ ਨਜ਼ਰ : ਐਸ.ਐਸ.ਪੀ.



**ਕੋਟਕਪੂਰਾ**, 3 **ਸਤੰਬਰ** (**ਟਿੰਕੂ ਕੁਮਾਰ**) :- ਡਾ. ਪ੍ਰਗਿਆ ਜੈਨ ਐਸ.ਐਸ.ਪੀ. ਦੀ ਨਿਗਰਾਨੀ ਹੇਠ ਫਰੀਦਕੋਟ ਜਿਲ੍ਹੇ ਅੰਦਰ ਅਮਨ ਅਤੇ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਅਤੇ ਸ਼ੱਕੀ ਗਤੀਵਿਧੀਆਂ ਉੱਪਰ ਪੈਨੀ ਨਜਰ ਰੱਖਣ ਲਈ ਲਗਾਤਾਰ ਕਦਮ ਉਠਾਏ ਜਾਂਦੇ ਹਨ। ਇਸੇ ਲੜੀ ਤਹਿਤ ਅੱਜ ਪੁਲਿਸ ਟੀਮਾਂ, ਜਿਨ੍ਹਾਂ ਵਿੱਚ ਐਂਟੀ-ਸਾਬੋਟੇਜ ਅਤੇ ਡੌਗ ਸਕਾਡ ਟੀਮਾ ਵੀ ਸ਼ਾਮਲ ਸਨ, ਜਿੰਨਾਂ ਨੇ ਰੇਲਵੇ ਸਟੇਸ਼ਨਾ 'ਤੇ ਗਹਿਰਾਈ ਨਾਲ ਜਾਂਚ ਕੀਤੀ। ਇਸ ਦੌਰਾਨ ਸ਼ੱਕੀ ਵਿਅਕਤੀਆਂ ਨੂੰ ਰੋਕ ਕੇ ਪੁੱਛਗਿੱਛ ਕੀਤੀ ਗਈ ਅਤੇ ਉਨ੍ਹਾਂ ਦੀ ਪਛਾਣ ਦੀ ਜਾਂਚ ਕੀਤੀ ਗਈ। ਇਸ ਦੌਰਾਨ ਜੀ.ਆਰ.ਪੀ. ਪੁਲਿਸ ਦੇ ਕਰਮਚਾਰੀਆਂ ਦੇ ਸਹਿਯੋਗ ਨਾਲ ਯਾਤਰੀਆਂ ਦੇ ਸਮਾਨ ਦੀ ਵੀ ਜਾਂਚ ਕੀਤੀ ਗਈ ਅਤੇ ਬਿਨਾਂ ਕਿਸੇ ਵਜਾ ਦੇ ਰੇਲਵੇ ਸਟੇਸ਼ਨ ਵਿੱਚ ਘੁੰਮਣ ਵਾਲੇ ਵਿਅਕਤੀਆਂ ਨੂੰ ਰੋਕ ਕੇ ਉਨ੍ਹਾਂ ਦੀ ਪਛਾਣ ਦੀ ਜਾਂਚ ਕੀਤੀ ਗਈ। ਇਸ ਦੇ ਨਾਲ ਹੀ ਰੇਲਵੇ ਸਟੇਸ਼ਨ ਦੀਆਂ ਪਾਰਕਿੰਗਾਂ ਵਿੱਚ ਖੜ੍ਹੇ ਵਾਹਨਾਂ ਦੀ ਵੀ 'ਵਾਹਨ ਐਪ' ਰਾਹੀਂ ਜਾਂਚ ਕੀਤੀ ਗਈ। ਡਾ. ਪ੍ਰਗਿਆ ਜੈਨ ਐਸ.ਐਸ.ਪੀ. ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਬਣਾਈ ਰੱਖਣ ਅਤੇ ਕਿਸੇ ਵੀ ਤਰ੍ਹਾਂ ਸ਼ਰਾਰਤੀ ਅਨਸਰਾਂ ਉੱਤੇ ਨਜ਼ਰ ਰੱਖਣ ਲਈ ਫਰੀਦਕੋਟ ਪੁਲਿਸ ਵੱਲੋਂ ਲਗਾਤਾਰ ਠੋਸ ਕਦਮ ਚੁੱਕੇ ਜਾ ਰਹੇ ਹਨ। ਇਸੇ ਤਹਿਤ ਅੱਜ ਰੇਲਵੇ ਸਟੇਸ਼ਨ 'ਤੇ ਚਲਾਏ ਗਏ ਵਿਸ਼ੇਸ਼ ਜਾਂਚ ਓਪਰੇਸ਼ਨ 'ਚ ਐਂਟੀ-ਸਾਬੋਟੇਜ ਟੀਮਾਂ ਅਤੇ ਡੌਗ ਸਕਾਡ ਦੀ ਮੱਦਦ ਲੈ ਕੇ ਸ਼ੱਕੀ ਵਿਅਕਤੀਆਂ ਅਤੇ ਵਾਹਨਾਂ ਦੀ ਡਿਟੇਲ ਜਾਂਚ ਕੀਤੀ ਗਈ।

## ਬਿਜਲੀ ਵਿਭਾਗ ਨੇ ਮੁੜ ਚਾਲੂ ਕੀਤੇ 66 ਕੇਵੀ ਬਿਜਲੀ ਗ੍ਰਿਡ ਰਮਦਾਸ ਅਤੇ 11 ਕੇ ਵੀ ਗੁਜਰਪੁਰਾ, ਕਈਆਂ ਇਲਾਕਿਆਂ ਵਿੱਚ ਬਿਜਲੀ ਹੋ ਗਈ ਬਹਾਲ

**ਅਜਨਾਲਾ**, 3 **ਸਤੰਬਰ ਸੋਨੂੰ ਨਰੂਲਾ**- ਹੜ੍ਹਾਂ ਦੀ ਮਾਰ ਹੇਠ ਆਉਣ ਕਾਰਨ ਬਿਜਲੀ ਵਿਭਾਗ ਦੇ ਕਈ ਗ੍ਰਿਡ ਪੂਰੀ ਤਰ੍ਹਾਂ ਬੰਦ ਹੋ ਗਏ ਸਨ, ਜਿਸ ਕਾਰਨ ਲਗਭਗ ਰਮਦਾਸ ਸਮੇਤ 65 ਪਿੰਡਾਂ ਵਿੱਚ ਬਿਜਲੀ ਸਪਲਾਈ ਪੂਰੀ ਤਰ੍ਹਾਂ ਗੁੱਲ ਹੋ ਗਈ ਸੀ। ਅੱਜ ਬਿਜਲੀ ਵਿਭਾਗ ਨੇ ਆਪਣੇ ਕਰਮਚਾਰੀਆਂ ਅਤੇ ਲੋਕਾਂ ਦੀ ਸਹਾਇਤਾ ਨਾਲ 66 ਕੇਵੀ ਬਿਜਲੀ ਗ੍ਰਿਡ ਰਮਦਾਸ ਅਤੇ 11 ਕੇ ਵੀ ਗੁੱਜਰਪੁਰਾ ਗ੍ਰਿਡ ਨੂੰ ਦੁਬਾਰਾ ਚਾਲੂ ਕਰ ਲਿਆ ਹੈ। ਇਸ ਬਾਰੇ ਜਾਣਕਾਰੀ ਦਿੰਦੇ ਡਿਪਟੀ ਚੀਫ ਇੰਜੀਨੀਅਰ ਸ੍ਰੀ ਬਲਵਿੰਦਰ ਪਾਲ ਨੇ ਦੱਸਿਆ ਕਿ 28 ਅਗਸਤ ਨੂੰ ਪਾਣੀ ਆ ਜਾਣ ਕਾਰਨ ਰਮਦਾਸ ਸਟੇਸ਼ਨ ਬੰਦ ਕਰਨਾ ਪਿਆ ਸੀ, ਜਿਸ ਕਾਰਨ ਇਸ ਇਲਾਕੇ ਦੇ ਪਿੰਡਾਂ ਵਿੱਚ ਬਿਜਲੀ ਸਪਲਾਈ ਬੰਦ ਹੋ ਗਈ ਸੀ। ਉਹਨਾਂ ਦੱਸਿਆ ਕਿ ਪਾਣੀ ਆਉਣ ਕਾਰਨ ਇਸ ਗ੍ਰਿਡ ਦਾ ਵੱਡਾ ਨੁਕਸਾਨ ਹੋਇਆ ਪਰ ਅਸੀਂ ਪਾਣੀ ਉਤਰਦੇ ਸਾਰ ਹੀ ਇਸ ਉੱਤੇ ਕੰਮ ਕਰਕੇ ਇਹ ਗ੍ਰਿਡ ਅੱਜ ਸ਼ਾਮ ਚਾਲੂ ਕਰ ਦਿੱਤਾ ਹੈ। ਉਹਨਾਂ ਦੱਸਿਆ ਕਿ ਹੁਣ ਇਥੋਂ ਚੱਲਣ ਵਾਲੇ ਸਬ ਸਟੇਸ਼ਨ ਜਿਉਂ ਜਿਉਂ ਚਾਲੂ ਹੋ ਜਾਣਗੇ, ਅਸੀਂ ਉਹਨਾਂ ਦੀ ਬਿਜਲੀ ਸਪਲਾਈ ਚਾਲੂ ਕਰਦੇ ਜਾਵਾਂਗੇ। ਸ੍ਰੀ ਬਲਵਿੰਦਰ ਪਾਲ ਨੇ ਦੱਸਿਆ ਕਿ ਕੱਲ ਸ਼ਾਮ 11 ਕੇਵੀ ਗੁਜਰਪੁਰਾ ਸਬ ਸਟੇਸ਼ਨ ਚਾਲੂ ਕਰ ਦਿੱਤਾ ਗਿਆ ਸੀ, ਜਿਸ ਕਾਰਨ ਅਲੀਵਾਲ, ਕੋਟਲੀ, ਲੱਖੂਵਾਲ, ਭੂਰੇਵਾਲੀ, ਗੁੱਜਰਪੁਰਾ ਗੁੱਜਰਪੁਰਾ ਥੇਹ ਆਦਿ ਪਿੰਡਾਂ ਵਿੱਚ ਬਿਜਲੀ ਸਪਲਾਈ ਚਾਲੂ ਕਰ ਦਿੱਤੀ ਗਈ ਹੈ। ਉਹਨਾਂ ਦੱਸਿਆ ਕਿ ਅੱਜ ਹੀ ਅਸੀਂ ਰਮਦਾਸ ਦੀ ਸਪਲਾਈ ਚਾਲੂ ਕਰ ਰਹੇ ਹਾਂ ਅਤੇ ਉਸ ਤੋਂ ਬਾਅਦ ਬਾਕੀ ਪਿੰਡਾਂ ਵਿੱਚ ਸਪਲਾਈ ਬਹਾਲ ਕਰ ਦਿਆਂਗੇ।

## ਮੇਅਰ ਨੇ ਆਪਣੇ ਹੀ ਕੁਝ ਅਧਿਕਾਰੀਆਂ ਖ਼ਿਲਾਫ਼ ਖੋਲਿਆ ਮੋਰਚਾ, ਪਹੁੰਚੇ ਵਿਜੀਲੈਂਸ ਵਿਭਾਗ

### ਮੁੱਖ ਮੰਤਰੀ ਮਾਨ ਦੇ ਖਾਸ ਨਿਰਦੇਸ਼ ਮੁਤਾਬਿਕ ਕਰਪਸ਼ਨ ਮੁਕਤ ਬਣਾਉਣਾ ਹੈ ਪੰਜਾਬ ਕੁਝ ਚੰਗੇ ਅਧਿਕਾਰੀਆਂ ਕਰਕੇ ਨਿਗਮ ਤਰੱਕੀ ਦੀ ਰਾਹ 'ਤੇ



**ਨਾਭਾ/ ਪਟਿਆਲਾ**, 3 **ਸਤੰਬਰ** (**ਤਰੁਣ ਮਹਿਤਾਂ**) - ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਖਾਸ ਨਿਰਦੇਸ਼ ਮੁਤਾਬਿਕ ਕਰਪਸ਼ਨ ਮੁਕਤ ਪੰਜਾਬ ਬਣਾਉਣ ਲਈ ਰਲ ਕੇ ਹੰਭਲਾ ਮਾਰਨ ਦੀ ਲੋੜ ਹੈ। ਇਹ ਪ੍ਰਗਟਾਵਾ ਨਗਰ ਨਿਗਮ ਮੇਅਰ ਕੁੰਦਨ ਗੋਗੀਆ ਨੇ ਨਿਗਮ ਵਿੱਚ ਹੋਏ ਕਰੋੜਾਂ ਦੇ ਹਿਸਾਬ ਦੀ ਜਵਾਬਦੇਹੀ ਨਾ ਦੇਣ ਕਾਰਨ ਆਪਣੇ ਹੀ ਅਧਿਕਾਰੀਆ ਖਿਲਾਫ ਵਿਜੀਲੈਂਸ ਦਫ਼ਤਰ ਸ਼ਿਕਾਇਤ ਦੇਣ ਮਗਰੋਂ ਕੀਤਾ। ਦੱਸ ਦੇਈਏ ਕਿ ਪਟਿਆਲਾ ਨਗਰ ਨਿਗਮ ਵਿੱਚ ਅਧਿਕਾਰੀਆਂ ਦੀ ਕਾਰਗੁਜ਼ਾਰੀ ਨੂੰ ਲੈ ਕੇ ਹਾਲਾਤ ਗੰਭੀਰ ਚੱਲ ਰਹੇ ਹਨ। ਮੇਅਰ ਕੁੰਦਨ ਗੋਗੀਆ ਨੇ ਵਿਸ਼ੇਸ਼ ਤੌਰ ਤੇ ਕਿਹਾ ਕਿ ਕੁਝ ਚੰਗੇ ਅਧਿਕਾਰੀਆਂ ਕਰਕੇ ਨਗਰ ਨਿਗਮ ਤਰੱਕੀ ਦੀ ਰਾਹ ਤੇ ਹੈ, ਨਹੀ ਤਾਂ ਕੁਝ ਕਰਪਸ਼ਨ ਕਰਨ ਵਾਲੇ ਅਧਿਕਾਰੀਆ ਨੇ ਨਗਰ ਨਿਗਮ ਨੂੰ ਪਹੀਏ ਲਗਾ ਕੇ ਕਦੋਂ ਦਾ ਕਿਤੇ ਹੋਰ ਹੀ ਲੈ ਜਾਣਾ ਸੀ। ਮੇਅਰ ਕੁੰਦਨ ਗੋਗੀਆ ਨੇ ਸਪਸ਼ਟ ਕੀਤਾ ਹੈ ਕਿ ਹੁਣ ਨਿਗਮ ਦੇ ਅੰਦਰ ਲਾਪਰਵਾਹ ਤੇ ਭ੍ਰਿਸ਼ਟਾਚਾਰੀ ਅਧਿਕਾਰੀਆਂ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਸਬੰਧੀ ਉਹ ਖ਼ੁਦ ਵਿਜੀਲੈਂਸ ਵਿਭਾਗ ਦੇ ਅਧਿਕਾਰੀਆਂ ਕੋਲ ਪਹੁੰਚੇ ਹਨ ਅਤੇ ਰਿਪੋਰਟ ਸੌਂਪ ਕੇ ਕਾਰਵਾਈ ਦੀ ਮੰਗ ਕੀਤੀ ਹੈ। ਮੇਅਰ ਨੇ ਕਿਹਾ ਕਿ ਨਗਰ ਨਿਗਮ ਸ਼ਹਿਰ ਦੇ ਲੋਕਾਂ ਲਈ ਬਣਾਇਆ ਗਿਆ ਹੈ, ਨਾ ਕਿ ਕੁਝ ਅਧਿਕਾਰੀਆਂ ਦੇ ਨਿੱਜੀ ਹਿੱਤਾਂ ਲਈ। ਸ਼ਹਿਰ ਵਾਸੀਆਂ ਦੇ ਟੈਕਸ ਦੇ ਪੈਸਿਆਂ ਨਾਲ ਵਿਕਾਸ ਕਾਰਜ ਹੋਣੇ ਚਾਹੀਦੇ ਹਨ ਪਰ ਜੇਕਰ ਉਹੀ ਪੈਸਾ ਗਲਤ ਹੱਥਾਂ ਵਿੱਚ ਜਾ ਰਿਹਾ ਹੈ ਤਾਂ ਇਹ ਸ਼ਹਿਰ ਨਾਲ ਧੋਖਾ ਹੈ। ਮੇਅਰ ਗੋਗੀਆ ਨੇ ਦੋ ਟੁਕ ਸ਼ਬਦਾਂ ਵਿੱਚ ਕਿਹਾ ਕਿ ਉਹ ਆਪਣੇ ਅਧਿਕਾਰੀਆਂ ਵਿਰੁੱਧ ਕਾਰਵਾਈ ਕਰਨ ਤੋਂ ਹਿਚਕਿਚਾਉਣਗੇ ਨਹੀਂ। ਕਿਉਂਕਿ ਡੇਢ ਮਹੀਨਾ ਲਗਾਤਾਰ ਹੋਏ ਕੰਮਾਂ ਦੇ ਸਬੰਧਤ ਫਾਈਲਾਂ ਅਤੇ ਐਮ ਬੀ ਮੰਗਣ ਮਗਰੋਂ ਵੀ ਮੇਅਰ ਦਫਤਰ ਤੱਕ ਫਾਈਲਾਂ ਨਹੀਂ ਪਹੁੰਚਾਈਆਂ ਗਈਆਂ। ਜਦੋਂ ਕਿ ਕਾਨੂੰਨ ਅਨੁਸਾਰ ਜੇਕਰ ਕਿਸੇ ਅਧਿਕਾਰੀ ਜਾਂ ਕਰਮਚਾਰੀ ਵਲੋਂ ਕਰਪਸ਼ਨ ਦੇ ਮਕਸਦ ਨਾਲ ਸਰਕਾਰੀ ਰਿਕਾਰਡ ਨਾਲ ਛੇੜਛਾੜ ਕੀਤੀ ਜਾਂਦੀ ਹੈ ਤਾਂ ਉਸ ਵਿਅਕਤੀ ਖਿਲਾਫ ਕਾਨੂੰਨੀ ਕਾਰਵਾਈ ਵੀ ਹੋ ਸਕਦੀ ਹੈ।

ਉਨ੍ਹਾਂ ਖ਼ੁਲਾਸਾ ਕੀਤਾ ਕਿ ਨਿਗਮ ਦੇ ਬਿਲਡਿੰਗ ਬਰਾਂਚ, ਲੈਂਡ ਬਰਾਂਚ ਆਦਿ ਹੋਰ ਬਰਾਂਚਾ ਵਿੱਚ ਲਾਪਰਵਾਹੀ ਕਾਰਨ ਸ਼ਹਿਰ ਨੂੰ ਕਾਫ਼ੀ ਨੁਕਸਾਨ ਹੋ ਰਿਹਾ ਹੈ। ਇਸ ਲਾਪਰਵਾਹੀ ਨਾਲ ਨਾ ਸਿਰਫ਼ ਨਿਗਮ ਦੇ ਆਮਦਨ ਘਟਦੀ ਹੈ, ਸਗੋਂ ਵਿਕਾਸ ਕਾਰਜ ਵੀ ਪ੍ਰਭਾਵਿਤ ਹੁੰਦੇ ਹਨ। ਮੇਅਰ ਨੇ ਕਿਹਾ ਕਿ 15 ਸਾਲਾਂ ਤੋਂ ਨਿਗਮ ਵਿੱਚ ਚੱਲ ਰਹੀਆਂ ਗੜਬੜਾਂ ਦਾ ਹਿਸਾਬ ਲਿਆ ਜਾਵੇਗਾ। ਇਸੇ ਲਈ ਉਹ ਵਿਜੀਲੈਂਸ ਕੋਲ ਪਹੁੰਚੇ ਹਨ ਤਾਂ ਜੋ ਸਚਾਈ ਸਾਹਮਣੇ ਆ ਸਕੇ। ਉਨ੍ਹਾਂ ਕਿਹਾ ਕਿ ਕੁਝ ਸਮੇਂ ਤੋਂ ਇਹ ਵੀ ਜਾਣਕਾਰੀ ਮਿਲ ਰਹੀ ਸੀ ਕਿ ਕੁਝ ਕਰਮਚਾਰੀ ਸ਼ਹਿਰ ਦੇ ਨਾਗਰਿਕਾਂ ਨੂੰ ਸਹੀ ਢੰਗ ਨਾਲ ਨਿਗਮ ਤੋਂ ਕੰਮ ਕਰਾਣ ਦੀ ਬਜਾਏ ਬਾਹਰੋਂ ਬਾਹਰ ਪੈਸੇ ਲੈ ਕੇ ਕੰਮ ਕਰਵਾਓਣ ਦੇ ਤਰੀਕੇ ਵੀ ਦੱਸ ਰਹੇ ਸਨ ਜੋ ਬਿਲਕੁਲ ਬਰਦਾਸ਼ਤਯੋਗ ਨਹੀਂ ਹੈ। ਇਸਦੇ ਨਾਲ ਹੀ ਮੇਅਰ ਗੋਗੀਆ ਨੇ ਕੁਝ ਇਮਾਨਦਾਰ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਭੂਮਿਕਾ ਦੀ ਵੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਜੇ ਅੱਜ ਨਿਗਮ ਤਰੱਕੀ ਦੀ ਰਾਹ 'ਤੇ ਹੈ ਤਾਂ ਇਸਦਾ ਸਿਹਰਾ ਕੁਝ ਚੰਗੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਜਾਂਦਾ ਹੈ ਜੋ ਆਪਣਾ ਫਰਜ਼ ਇਮਾਨਦਾਰੀ ਨਾਲ ਨਿਭਾ ਰਹੇ ਹਨ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਕਿਹਾ ਕਿ ਹੁਣ ਨਿਗਮ ਵਿੱਚ ਭ੍ਰਿਸ਼ਟਾਚਾਰ ਜਾਂ ਮਨਮਾਨੀ ਕਰਨ ਵਾਲਿਆਂ ਦੇ ਦਿਨ ਮੁਕਣ ਵਾਲੇ ਹਨ। ਲੋਕਾਂ ਦੇ ਹੱਕਾਂ ਨਾਲ ਖਿਲਵਾੜ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਹੋਵੇਗੀ। ਅਖੀਰ ਵਿੱਚ ਮੇਅਰ ਕੁੰਦਨ ਗੋਗੀਆ ਨੇ ਸ਼ਹਿਰ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਪਟਿਆਲਾ ਦਾ ਭਵਿੱਖ ਸੁਰੱਖਿਅਤ ਹੱਥਾਂ ਵਿੱਚ ਹੈ। ਮੇਰਾ ਵਾਅਦਾ ਹੈ ਕਿ ਨਿਗਮ ਦੇ ਹਰ ਪੈਸੇ ਦਾ ਹਿਸਾਬ ਹੋਵੇਗਾ ਅਤੇ ਉਹ ਪੈਸਾ ਸਿਰਫ਼ ਸ਼ਹਿਰ ਦੇ ਵਿਕਾਸ 'ਤੇ ਖਰਚ ਕੀਤਾ ਜਾਵੇਗਾ। ਇਸ ਮੌਕੇ ਐਮਸੀ ਮਨਦੀਪ ਸਿੰਘ ਵਿਰਦੀ, ਐਮਸੀ ਮੋਹਿਤ ਕੁਕਰੇਜਾ, ਐਮਸੀ ਗਿਆਨ ਚੰਦ, ਐਮਸੀ ਹਰੀ ਭਜਨ ਯਾਦਵ, ਬਲਾਕ ਪ੍ਰਧਾਨ ਸੁਸ਼ੀਲ ਮਿੱਡਾ, ਸਰਬਦੀਪ ਸਿੰਘ ਵੀ ਵਿਸ਼ੇਸ਼ ਤੌਰ ਤੇ ਮੌਜੂਦ ਸਨ।

## ਕਸਬਾ ਭਦੌੜ ਵਿਖੇ ਭਾਰੀ ਬਾਰਿਸ਼ ਹੋਣ ਦੇ ਕਾਰਨ ਸਿਵਲ ਹਸਪਤਾਲ ਤੇ ਸਬ ਤਹਿਸੀਲ ਭਦੌੜ ਦੀ ਬਿਲਡਿੰਗ ਵਿੱਚ ਬਾਰਿਸ਼ ਦਾ ਪਾਣੀ ਭਰਿਆ



**ਭਦੌੜ** 3 **ਸਤੰਬਰ** (**ਰਾਜੀਵ ਗਰਗ**) ਕਸਬਾ ਭਦੌੜ ਵਿਖੇ ਭਾਰੀ ਬਾਰਿਸ਼ ਪੈਣ ਦੇ ਕਾਰਨ ਇੱਥੋਂ ਦੇ ਸਾਰੇ ਛੱਪੜ ਹੀ ਓਵਰਫਲੋਅ ਹੋ ਗਏ ਜਿਸ ਕਾਰਣ ਪਾਣੀ ਸੜਕਾਂ ਉੱਪਰ ਫਿਰ ਰਿਹਾ ਹੈ ਅਤੇ ਪਾਣੀ ਲੋਕਾਂ ਦੇ ਘਰਾਂ ਵਿੱਚ ਵੜ੍ਹਨ ਤੋਂ ਇਲਾਵਾ ਸਿਵਲ ਹਸਪਤਾਲ ਭਦੌੜ ਤੇ ਸਬ ਤਹਿਸੀਲ ਦੀ ਬਿਲਡਿੰਗ ਵਿੱਚ ਤਿੰਨ ਤੋਂ ਚਾਰ ਚਾਰ ਫੁੱਟ ਤੱਕ ਪਾਣੀ ਭਰ ਚੁੱਕਿਆ ਹੈ ਜਿਸ ਕਾਰਨ ਇੱਥੇ ਦੇ ਲੋਕਾਂ ਨੂੰ ਸਿਵਲ ਹਸਪਤਾਲ ਭਦੌੜ ਵਿਖੇ ਆਪਣਾ ਇਲਾਜ਼ ਅਤੇ ਸਬ ਤਹਿਸੀਲ ਭਦੌੜ ਵਿਖੇ ਆਪਣੇ ਕੰਮਕਾਰ ਕਰਵਾਉਣ ਦੇ ਲਈ ਵੱਡੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਜੇਕਰ ਕਸਬਾ ਭਦੌੜ ਦੇ ਸਿਵਲ ਹਸਪਤਾਲ ਦੀ ਗੱਲ ਕੀਤੀ ਜਾਵੇ ਤਾਂ ਇਸ ਵਿੱਚ ਤਕਰੀਬਨ ਤਿੰਨ ਤੋਂ ਚਾਰ ਫੁੱਟ ਪਾਣੀ ਜਮ੍ਹਾਂ ਹੋ ਚੁੱਕਿਆ ਹੈ ਜਿਸ ਵਿੱਚ ਮਰੀਜਾਂ ਨੂੰ ਆਪਣਾ ਇਲਾਜ ਕਰਵਾਉਣ ਲਈ ਬੇਹੱਦ ਪਰੇਸਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਐਮਰਜੈਂਸੀ ਵਾਰਡ, ਜਨਰਲ ਵਾਰਡ, ਅਪਰੇਸਨ ਰੂਮ ਤੇ ਸਟਾਫ ਨਰਸ ਰੂਮ ਵੀ ਪਾਣੀ ਨਾਲ ਜਲ ਥਲ ਹੋ ਚੁੱਕੇ ਹਨ।

ਸਬ-ਤਹਿਸੀਲ ਭਦੌੜ ਵਿੱਚ ਵੀ ਪਾਣੀ ਤਕਰੀਬਨ ਤਿੰਨ ਤੋਂ ਚਾਰ ਫੁੱਟ ਫਿਰ ਰਿਹਾ ਹੈ। ਇਥੇ ਕੰਮ ਕਰਨ ਵਾਲਾ ਸਟਾਫ ਵੀ ਅੱਜ ਘਰੋਂ ਮੋਟਰਸਾਈਕਲ-ਕਾਰਾਂ ਤੇ ਨਹੀਂ ਬਲਕਿ ਟਰੈਕਟਰਾਂ ਤੇ ਚੜ ਕੇ ਪਹੁੰਚਿਆ ਪਾਣੀ ਬੇਹੱਦ ਜਿਆਦਾ ਹੋਣ ਕਾਰਨ ਭਦੌੜ ਦੇ ਤਹਿਸੀਲ ਅਤੇ ਫਰਦ ਕੇਂਦਰ ਵਿੱਚ ਪਿਆ ਰਿਕਾਰਡ ਵੀ ਪਾਣੀ ਨਾਲ ਖਰਾਬ ਹੋਣ ਦਾ ਖਦਸਾ ਜਤਾਇਆ ਜਾ ਰਿਹਾ ਹੈ। ਤਹਿਸੀਲ ਵਿੱਚ ਦੁਕਾਨਾਂ ਕਰਨ ਵਾਲੇ ਕੰਪਿਊਟਰ ਆਪਰੇਟਰ ਅਤੇ ਵਕੀਲਾਂ ਦੇ ਕੰਪਿਊਟਰ ਪਾਣੀ ਨਾਲ ਖਰਾਬ ਹੋ ਚੁੱਕੇ ਹਨ ਜਿਸ ਨਾਲ ਉਹਨਾਂ ਦਾ ਕੰਪਿਊਟਰ ਵਿੱਚ ਪਿਆ ਪੁਰਾਣਾ ਡਾਟਾ ਨਸਟ ਹੋ ਚੁੱਕਿਆ ਹੈ। ਐਡਵੋਕੇਟ ਕੀਰਤ ਸਿੰਗਲਾ, ਬਿੱਟੂ ਸਿੰਘ ਜੰਗੀਆਣਾ, ਕੁਲਦੀਪ ਸਿੰਘ ਕਾਲਾ, ਰਾਮ ਸਿੰਘ ਮੌੜ, ਨਵਦੀਪ ਕੁਮਾਰ ਦੀਪੂ ਨੇ ਕਿਹਾ ਕਿ ਸਭ ਤਹਿਸੀਲ ਸੜਕ ਤੇ ਲਗਭਗ ਦੋ ਫੁੱਟ ਨੀਵੀਂ ਹੈ ਜੋ ਕਿ ਜ਼ਿਲੇ ਦੇ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਹੈ ਪਰ ਹਾਲੇ ਤੱਕ ਇਸ ਦਾ ਕੋਈ ਹੱਲ ਨਹੀਂ ਹੋਇਆ। ਉਨ੍ਹਾਂ ਪ੍ਰਸਾਸਨ ਤੋਂ ਮੰਗ ਕੀਤੀ ਕਿ ਤਹਿਸੀਲ ਨੂੰ ਉੱਚਾ ਕਰਕੇ ਬਣਾਉਣਾ ਚਾਹੀਦਾ ਹੈ ਤਾਂ ਜੋ ਲੋਕਾਂ ਦਾ ਪਿਆ ਰਿਕਾਰਡ ਖਰਾਬ ਨਾ ਹੋਵੇ ਅਤੇ ਮੁਲਾਜਮਾਂ ਨੂੰ ਵੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

# ਹੜ੍ਹ ਪੀੜਤਾਂ ਦੀ ਮੱਦਦ ਲੰਮਾਂ ਸਮਾਂ ਚੱਲੇਗੀ- ਸੰਤ ਸੀਚੇਵਾਲ

## ਪਾਣੀ ਉਤਰਨ ਨਾਲ ਹੀ ਹੜ੍ਹਾਂ ਦੇ ਹੋਏ ਨੁਕਸਾਨ ਦੀ ਅਸਲ ਤਸਵੀਰ ਆਵੇਗੀ ਸਾਹਮਣੇ ਆਪ ਦੀ ਵਿਧਾਇਕਾ ਨੇ ਹੜ੍ਹ ਪੀੜਤਾਂ ਲਈ ਪੰਜ ਟਰੱਕ ਰਾਹਤ ਸਮੱਗਰੀ ਭੇਜੀ





**ਸੰਗਰੂਰ, 03 ਸਤੰਬਰ (ਸ਼ਰਮਾ)** ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੇ ਜਿਲ੍ਹਾਂ ਸੰਗਰੂਰ ਤੋਂ ਹੜ੍ਹ ਪੀੜਤਾਂ ਲਈ ਰਾਹਤ ਸਮੱਗਰ ਦੇ ਪੰਜ ਟੱਰਕ ਸੁਲਤਾਨਪੁਰ ਲੋਧੀ ਪਹੁੰਚ ਗਏ ਹਨ। ਸੰਗਰੂਰ ਵਿਧਾਨ ਸਭਾ ਹਲਕੇ ਦੀ ਵਿਧਾਇਕਾ ਬੀਬੀ ਨਰਿੰਦਰ ਕੌਰ ਭਾਰਜ ਨੇ ਅੱਜ ਸ਼ਾਮ ਬਾਊਪੁਰ ਜਾ ਕੇ ਹੜ੍ਹ ਪੀੜਤ ਇਲਾਕੇ ਦਾ ਦੌਰਾ ਕੀਤਾ ਤੇ ਹੜ੍ਹ ਪੀੜਤਾਂ ਦੇ ਦਰਦ ਨੂੰ ਜਾਣਿਆ। ਪਿਛਲੇ 23 ਦਿਨਾਂ ਤੋਂ ਹੜ੍ਹ ਪੀੜਤਾਂ ਦੀ ਮੱਦਦ ਕਰ ਰਹੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਹਵਾਲੇ ਰਾਹਤ ਸਮੱਗਰੀ ਦੇ ਇੰਨ੍ਹਾਂ ਪੰਜ ਟੱਰਕਾਂ ਵਿੱਚ ਚਾਰ ਟਰੱਕ ਪਸ਼ੂਆਂ ਦਾ ਚਾਰਾ ਹੈ ਜਦ ਕਿ ਇੱਕ ਟਰੱਕ ਵਿੱਚ ਰੋਜ਼ਾਨਾ ਦੀ ਵਰਤੋਂ ਵਾਲੀਆਂ ਵਸਤਾਂ ਹਨ। ਉਧਰ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਕਿਹਾ ਕਿ ਹੜ੍ਹਾਂ ਨਾਲ ਹੋਏ ਨੁਕਸਾਨ ਦੀ ਅਸਲ ਤਸਵੀਰ ਉਸ ਵੇਲੇ ਸਾਹਮਣੇ ਆਵੇਗੀ ਜਦੋਂ ਪਾਣੀ ਹੇਠਾਂ ਉਤਰ ਜਾਵੇਗਾ। ਉਹਨਾਂ ਕਿਹਾ ਕਿ ਇਸੇ ਲਈ ਹੜ੍ਹ ਪੀੜਤਾਂ ਦੀ ਮੱਦਦ ਲੰਮਾਂ ਸਮਾਂ ਚੱਲੇਗੀ। ਆਪ ਦੀ ਵਿਧਾਇਕ ਨਰਿੰਦਰ ਕੌਰ ਭਾਰਜ ਨੇ ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਵਿਖੇ ਰਾਹਤ ਸਮੱਗਰੀ ਸੰਤ ਸੀਚੇਵਾਲ ਜੀ ਦੇ ਸਪੁਰਦ ਕਰਦਿਆ ਉਨ੍ਹਾਂ ਕਿਹਾ ਕਿ ਪੰਜਾਬ ਇਸ ਸਮੇਂ ਵੱਡੀ ਕੁਦਰਤ ਦੀ ਕਰੋਪੀ ਵਿੱਚੋਂ ਲੰਘ ਰਿਹਾ ਹੈ। ਉਨ੍ਹਾਂ ਕਿਹਾ ਕਿ ਹੜ੍ਹ ਪੀੜਤਾਂ ਦੀ ਮੱਦਦ ਵਾਸਤੇ ਪੰਜਾਬ ਸਰਕਾਰ ਅਤੇ ਆਮ ਆਦਮੀ ਪਾਰਟੀ ਦਾ ਹਰ ਵਰਕਰ ਆਪਣੀ ਸਮਰੱਥਾ ਅਨੁਸਾਰ ਯੋਗਦਾਨ ਪਾ ਰਿਹਾ ਹੈ। ਉਨ੍ਹਾਂ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਜੀ ਵੱਲੋਂ ਹੜ੍ਹ ਪੀੜਤਾਂ ਦੀ ਪਹਿਲੇ ਦਿਨ ਤੋਂ ਹੀ ਕੀਤੀ ਜਾ ਰਹੀ ਮੱਦਦ ਦੀ ਪ੍ਰਸ਼ੰਸ਼ਾ ਕਰਦਿਆ ਕਿਹਾ ਕਿ ਸੰਤ ਸੀਚੇਵਾਲ ਇਸ ਇਲਾਕੇ ਦੀਆਂ ਲੋੜਾਂ ਤੋਂ ਬਾਖੂਬੀ ਵਾਕਿਫ਼ ਹਨ। ਇਹੀ ਵਜਾ ਹੈ ਕਿ ਉਨ੍ਹਾਂ ਨੇ ਬਾਊਪੁਰ, ਸਾਂਗਰਾ ਅਤੇ ਰਾਮਪੁਰ ਗੌਹਰਾ ਆਦਿ ਪਿੰਡਾਂ ਅਤੇ ਡੇਰਿਆਂ ਵਿੱਚ ਆਪ ਸਿੱਧੀ ਪਹੁੰਚ ਕਰਕੇ ਲੋਕਾਂ ਨੂੰ ਮੁਸੀਬਤ ਵਿੱਚੋਂ ਕੱਢਿਆ ਹੈ। ਇਸ ਮੌਕੇ ਰਾਜ ਸਭਾ ਮੈਂਬਰ ਸੰਤ ਸੀਚੇਵਾਲ ਨੇ ਰਾਹਤ ਸਮੱਗਰੀ ਲੈਕੇ ਆਉਣ ਵਾਲੀਆਂ ਜੱਥੇਬੰਦੀਆਂ ਅਤੇ ਸੰਸਥਾਵਾਂ ਦਾ ਧੰਨਵਾਦ ਕੀਤਾ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਇਹ ਅਪੀਲ ਵੀ ਕੀਤੀ ਕਿ ਹੜ੍ਹ ਪੀੜਤਾਂ ਦੀ ਮੱਦਦ ਲੰਮਾਂ ਸਮਾਂ ਚੱਲਣ ਵਾਲੀ ਹੈ। ਜਦੋਂ ਇਸ ਮੰਡ ਇਲਾਕੇ ਵਿੱਚੋਂ ਪਾਣੀ ਘੱਟ ਜਾਵੇਗਾ ਉਸ ਵੇਲੇ ਇੰਨ੍ਹਾਂ ਕਿਸਾਨਾਂ ਨੂੰ ਸਭ ਤੋਂ ਵੱਧ ਲੋੜ ਮਹਿਸੂਸ ਹੋਵੇਗੀ। ਉਨ੍ਹਾਂ ਕਿਹਾ ਕਿ ਕਣਕ ਦੀ ਬਿਜਾਈ ਸਮੇਂ ਕਿਸਾਨਾਂ ਨੂੰ ਖਾਦ ਦੀ ਵੀ ਲੋੜ ਪਵੇਗੀ ਤੇ ਵਾਹੀ ਲਈ ਡੀਜ਼ਲ ਆਦਿ ਦੀ ਤਾਂ ਜੋ ਉਨ੍ਹਾਂ ਦਾ ਖੇਤੀ ਦਾ ਕੰਮ ਕਾਜ਼ ਮੁੜ ਲੀਹ 'ਤੇ ਆ ਜਾਵੇ। ਸੰਤ ਸੀਚੇਵਾਲ ਨੇ ਸੰਗਰੂਰ ਦੀ ਵਿਧਾਇਕਾ ਬੀਬੀ ਨਰਿੰਦਰ ਕੌਰ ਭਰਾਜ ਦਾ ਧੰਨਵਾਦ ਕਰਦਿਆ ਕਿਹਾ ਕਿ ਉਨ੍ਹਾਂ ਦੇ ਮਨ ਵਿੱਚ ਹੜ੍ਹ ਪੀੜਤਾਂ ਦਾ ਦਰਦ ਹੋਣ ਕਾਰਨ ਉਹ ਏਨੀ ਦੂਰ ਤੋਂ ਵੀ ਰਾਹਤ ਸਮੱਗਰੀ ਲੈਕੇ ਪਹੁੰਚੇ ਹਨ।

# ਘੱਗਰ ਵਿੱਚ ਵਧਦੇ ਪਾਣੀ ਤੋਂ ਡਰੇ ਕਿਸਾਨਾਂ ਵੱਲੋਂ ਬੰਨ੍ਹਾਂ ਦੀ ਜੰਗੀ ਪੱਧਰ ਤੇ ਮਜ਼ਬੂਤੀ, ਲਗਾਤਾਰ ਚੱਲ ਰਹੇ ਨੇ ਜੇਸੀਬੀ ਮਸ਼ੀਨਾਂ ਅਤੇ ਟਰੈਕਟਰ





**ਪਾਤੜਾਂ 3 ਸਤੰਬਰ ਜਸਵਿੰਦਰ ਸਿੰਘ ਪਾਰਸ**- ਉੱਤਰੀ ਭਾਰਤ ਵਿੱਚ ਲਗਾਤਾਰ ਪੈ ਰਹੇ ਭਾਰੀ ਮੀਂਹ ਮਗਰੋਂ ਘੱਗਰ ਦਰਿਆ ਵਿੱਚ ਵੱਧ ਰਹੇ ਪਾਣੀ ਨੇ ਲੋਕਾਂ ਦੀਆਂ ਚਿੰਤਾਵਾਂ ਵਿੱਚ ਵੱਡਾ ਵਾਧਾ ਕਰ ਦਿੱਤਾ ਹੈ। ਦਰਿਆ ਵਿੱਚ ਸੰਭਾਵੀ ਹੜਾਂ ਦੇ ਖਤਰੇ ਨੂੰ ਦੇਖਦਿਆਂ ਭਾਵੇਂ ਪ੍ਰਸ਼ਾਸਨ ਵੱਲੋਂ ਲਗਾਤਾਰ ਸਥਿਤੀ ਉੱਤੇ ਨਜ਼ਰ ਰੱਖਣ ਦਾ ਦਾਅਵਾ ਕੀਤਾ ਜਾ ਰਿਹਾ ਹੈ ਪਰ ਹਲਕਾ ਸ਼ੁਤਰਾਣਾ ਦੇ ਘੱਗਰ ਦਰਿਆ ਦੀ ਮਾਰ ਹੇਠ ਆਉਣ ਵਾਲੇ ਲੋਕਾਂ ਵੱਲੋਂ ਪਾਣੀ ਵਧਦਾ ਵੇਖ ਦੋਵੇਂ ਪਾਸੇ ਆਪਣੇ ਪੱਧਰ ਤੇ ਜੇ ਸੀ ਬੀ ਮਸ਼ੀਨਾਂ ਅਤੇ ਟਰੈਕਟਰਾਂ ਨਾਲ ਬੰਨਿਆਂ ਨੂੰ ਮਜਬੂਤ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਘੱਗਰ ਦੇ ਖਨੌਰੀ ਹੈਡ ਵਰਕਰਸ ਉੱਤੇ ਪਾਣੀ ਖਤਰੇ ਦੇ ਨਿਸ਼ਾਨ ਤੇ ਪਹੁੰਚਣ ਕਾਰਨ ਨਾਲ ਲਗਦੇ ਪਿੰਡਾਂ ਦੇ ਲੋਕਾਂ ਦੀਆਂ ਧੜਕਨਾਂ ਤੇਜ਼ ਹੋ ਗਈਆਂ ਹਨ। ਹਲਕਾ ਸ਼ੁਤਰਾਣਾ ਦੇ ਡੇਢ ਦਰਜਨ ਦੇ ਕਰੀਬ ਪਿੰਡਾਂ ਦੇ ਲੋਕਾਂ ਵੱਲੋਂ ਜਿੱਥੇ ਕੁਦਰਤ ਨੂੰ ਕਰੋਪੀ ਰੋਕਣ ਦੀਆਂ ਅਰਜੋਈਆਂ ਕੀਤੀਆਂ ਜਾ ਰਹੀਆਂ ਹਨ ਉੱਥੇ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਮੂੰਹ ਵੱਲ ਵੇਖਣ ਦੀ ਬਜਾਇ ਆਪਣੇ ਪੱਧਰ ਉੱਤੇ ਬੰਨਿਆਂ ਨੂੰ ਮਜਬੂਤ ਕਰਨ ਦਾ ਕੰਮ ਜਾਰੀ ਹੈ ਭਾਵੇਂ ਖ਼ਬਰ ਲਿਖੇ ਜਾਣ ਤੱਕ ਲਗਾਤਾਰ ਮੀਂਹ ਪੈ ਰਿਹਾ ਹੈ ਅਤੇ ਮੀਂਹ ਨੇ ਕਿਸਾਨਾਂ ਵੱਲੋਂ ਬੰਨਿਆਂ ਨੂੰ ਮਜਬੂਤ ਕਰਨ ਲਈ ਕੀਤੇ ਜਾ ਰਹੇ ਕੰਮ ਵਿੱਚ ਰੁਕਾਵਟ ਖੜੀ ਕੀਤੀ ਪਰ ਕਿਸਾਨਾਂ ਦੇ ਹੌਸਲੇ ਬੁਲੰਦ ਦਿਖਾਈ ਦੇ ਰਹੇ ਹਨ।

ਜਾਣਕਾਰੀ ਅਨੁਸਾਰ ਸਬ ਡਿਵੀਜ਼ਨ ਪਾਤੜਾਂ ਦੇ ਪਿੰਡਾਂ ਰਸੋਲੀ, ਚਿੱਚੜਵਾਲਾ, ਸ਼ੁਤਰਾਣਾ, ਨਾਈਵਾਲਾ, ਗੁਲਾਹੜ, ਜੋਗੇਵਾਲਾ ਅਤੇ ਹਲਕਾ ਲਹਿਰਾਗਾਗਾ ਦੇ ਪਿੰਡਾਂ ਹੋਤੀਪੁਰ ਅਤੇ ਨਵਾਂ ਗਾਉਂ ਦੇ ਸੈਂਕੜਿਆਂ ਦੀ ਗਿਣਤੀ ਵਿੱਚ ਲੋਕ ਆਪਣੇ ਟਰੈਕਟਰਾਂ ਅਤੇ ਹੋਰ ਸਾਧਨਾਂ ਸਮੇਤ ਪਿੰਡ ਸ਼ੁਤਰਾਣਾ ਅਤੇ ਰਸੌਲੀ ਕੋਲ ਘੱਗਰ ਦਰਿਆ ਦੇ ਕੰਡਿਆਂ ਨੂੰ ਮਜਬੂਤ ਕਰਨ ਉੱਤੇ ਲੱਗੇ ਹੋਏ ਹਨ। ਇਸ ਦੌਰਾਨ ਪਿੰਡ ਜੋਗੇਵਾਲ ਦੇ ਨੌਜਵਾਨ ਫਤਿਹ ਸਿੰਘ, ਜੋਗਿੰਦਰ ਸਿੰਘ ਢਿੱਲੋ, ਇੰਦਰਜੀਤ ਸਿੰਘ ਧਾਲੀਵਾਲ, ਦਇਆ ਸਿੰਘ, ਕੁਲਵੰਤ ਸਿੰਘ, ਗਗਨਦੀਪ ਸਿੰਘ, ਗੁਲਾਬ ਸਿੰਘ ਢਿੱਲੋਂ, ਰਣਜੀਤ ਸਿੰਘ ਪਾਤੜਾਂ, ਲਾਡੀ ਮੱਲ੍ਹੇਵਾਲ ਆਦਿ ਨੇ ਦੱਸਿਆ ਕਿ ਜੰਮੂ ਕਟੜਾ ਐਕਸਪ੍ਰੈਸ ਵੇ ਤੋਂ ਪਿੰਡ ਰਸੌਲੀ ਤੱਕ ਜਿੱਥੇ ਸਾਲ 23 ਵਿੱਚ ਆਏ ਹੜਾਂ ਦੌਰਾਨ ਘੱਗਰ ਦੇ ਪਾਣੀ ਨੇ ਵੱਡੇ ਪੱਧਰ ਉੱਤੇ ਨੁਕਸਾਨ ਕੀਤਾ ਸੀ ਉੱਥੇ ਲੋਕਾਂ ਵੱਲੋਂ ਆਪਣੇ ਪੱਧਰ ਉੱਤੇ ਬੰਨਿਆਂ ਨੂੰ ਮਜਬੂਤ ਕਰਨ ਦਾ ਕੰਮ ਕੀਤਾ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਇਸ ਕੰਮ ਲਈ ਸੈਂਕੜਿਆਂ ਦੀ ਗਿਣਤੀ ਵਿੱਚ ਲੱਗੇ ਨੌਜਵਾਨਾਂ ਵੱਲੋਂ ਦਰਜਨ ਦੇ ਕਰੀਬ ਟਰੈਕਟਰਾਂ ਨਾਲ ਬੰਨ ਉੱਤੇ ਮਿੱਟੀ ਪਾਉਣ ਦੇ ਨਾਲ ਨਾਜ਼ੁਕ ਥਾਵਾਂ ਉੱਤੇ ਮਿੱਟੀ ਦੇ ਥੈਲੇ ਭਰ ਕੇ ਲਗਾਏ ਜਾ ਰਹੇ ਹਨ।

# ਖ਼ਾਲਸਾ ਕਾਲਜ ਭਗਤਾ 'ਚ 'ਆਰਟੀਫਿਸ਼ਅਲ ਇੰਟੈਲੀਜੈਂਸੀ ਦੇ ਬਿਜ਼ਨਸ ਤੇ ਪ੍ਰਭਾਵ' ਵਿਸ਼ੇ 'ਤੇ ਗਰੁੱਪ ਡਿਸਕਸ਼ਨ ਦਾ ਆਯੋਜਨ



**ਭਗਤਾ ਭਾਈ, 3 ਸਤੰਬਰ (ਰਾਜਿੰਦਰ ਸਿੰਘ ਮਰਾਹੜ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸਕੱਤਰ ਵਿੱਦਿਆ ਸੁਖਮਿੰਦਰ ਸਿੰਘ ਅਤੇ ਸਿਕੰਦਰ ਸਿੰਘ ਮਲੂਕਾ (ਸਾਬਕਾ ਕੈਬਨਿਟ ਮੰਤਰੀ ਪੰਜਾਬ ਅਤੇ ਆਨਰੇਰੀ ਸਕੱਤਰ ਕਾਲਜ) ਦੀ ਰਹਿਨੁਮਾਈ ਤੇ ਕਾਲਜ ਪ੍ਰਿੰਸੀਪਲ ਡਾ. ਸਤਿੰਦਰ ਕੌਰ ਮਾਨ ਦੀ ਅਗਵਾਈ ਹੇਠ ਕਾਮਰਸ ਵਿਭਾਗ ਵੱਲੋਂ ਕਾਲਜ ਵਿੱਚ

"ਆਰਟੀਫਿਸ਼ਅਲ ਇੰਟੈਲੀਜੈਂਸੀ ਦੇ ਬਿਜ਼ਨਸ ਤੇ ਪ੍ਰਭਾਵ"ਵਿਸ਼ੇ 'ਤੇ ਗਰੁੱਪ ਡਿਸਕਸ਼ਨ ਦਾ ਆਯੋਜਨ ਕੀਤਾ ਗਿਆ। ਇਸ ਗਤੀਵਿਧੀ ਵਿੱਚ ਵਿਦਿਆਰਥੀਆਂ ਨੇ ਭਾਰੀ ਉਤਸ਼ਾਹ ਨਾਲ ਭਾਗ ਲਿਆ। ਚਰਚਾ ਦੌਰਾਨ ਵਿਦਿਆਰਥੀਆਂ ਨੇ ਦੱਸਿਆ ਕਿ ਆਰਟੀਫਿਸ਼ਅਲ ਇੰਟੈਲੀਜੈਂਸੀ (19) ਕਾਰੋਬਾਰ ਦੇ ਹਰ ਖੇਤਰ ਵਿੱਚ ਤੇਜ਼ੀ ਨਾਲ ਆਪਣਾ ਪ੍ਰਭਾਵ ਛੱਡ ਰਹੀ ਹੈ। ਆਟੋਮੇਸ਼ਨ, ਡਾਟਾ ਵਿਸ਼ਲੇਸ਼ਣ, ਡਿਜ਼ਿਟਲ ਮਾਰਕੀਟਿੰਗ, ਗ੍ਰਾਹਕ ਸੇਵਾ ਤੇ ਨਵੀਂ ਨੌਕਰੀਆਂ ਦੇ ਮੌਕੇ ਵਰਗੇ ਵਿਸ਼ਿਆਂ 'ਤੇ ਵਿਦਿਆਰਥੀਆਂ ਨੇ ਆਪਣੇ ਵਿਚਾਰ ਰੱਖੇ।ਇਸ ਦੇ ਨਾਲ ਨਾਲ ਕੁਝ ਚੁਣੌਤੀਆਂ ਜਿਵੇਂ ਕਿ ਰੋਜ਼ਗਾਰ 'ਤੇ ਅਸਰ, ਨੈਤਿਕ ਮੁੱਦੇ ਅਤੇ ਪ੍ਰਾਇਵੇਸੀ ਦੀਆਂ ਚਿੰਤਾਵਾਂ 'ਤੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ।ਵਿਭਾਗ ਦੇ ਮੁਖੀ ਲਖਵੀਰ ਕੌਰ ਨੇ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਨਾਲ ਵਿਦਿਆਰਥੀਆਂ ਵਿੱਚ ਆਲੋਚਨਾਤਮਕ ਸੋਚ, ਸੰਚਾਰ ਯੋਗਤਾ ਤੇ ਨਵੀਆਂ ਤਕਨਾਲੋਜੀਆਂ ਬਾਰੇ ਜਾਣਕਾਰੀ ਵਿਕਸਤ ਹੁੰਦੀ ਹੈ।ਕਾਲਜ ਪ੍ਰਿੰਸੀਪਲ ਡਾ: ਸਤਿੰਦਰ ਕੌਰ ਮਾਨ ਨੇ ਦੱਸਿਆ ਕਿ ਕਾਲਜ ਵਿੱਚ ਅਜਿਹੀਆਂ ਗਤੀਵਿਧੀਆਂ ਕਰਵਾਈਆ ਜਾਂਦੀਆਂ ਹਨ, ਜਿਸ ਨਾਲ ਵਿਦਿਆਰਥੀਆਂ ਨੂੰ ਬਹੁਤ ਕੁੱਝ ਸਿੱਖਣ ਨੂੰ ਮਿਲਦਾ ਹੈ। ਜੋ ਉਨ੍ਹਾਂ ਦੇ ਆਉਣ ਵਾਲੇ ਭਵਿੱਖ ਲਈ ਲਾਹੇਵੰਦ ਹੋਵੇਗਾ। ਇਸ ਮੌਕੇ ਪ੍ਰੋ. ਕਿਰਨਜੀਤ ਕੌਰ ਅਤੇ ਪ੍ਰੋ. ਅਮਨਦੀਪ ਕੌਰ ਹਾਜ਼ਰ ਸਨ।

# ਟਰੈਕਟਰ ਉੱਤੇ ਚੜ ਪ੍ਰਭਾਵਿਤ ਲੋਕਾਂ ਦੀ ਸਾਰ ਲੈਣ ਪੁੱਜੇ ਡਿਪਟੀ ਕਮਿਸ਼ਨਰ ਅਤੇ ਜਿਲਾ ਪੁਲਿਸ ਮੁਖੀ

## ਲੋਕਾਂ ਦੀ ਸਿਹਤ ਅਤੇ ਘਰਾਂ ਦੇ ਹੋਏ ਨੁਕਸਾਨ ਦਾ ਲਿਆ ਜਾਇਜ਼ਾ







**ਅਜਨਾਲਾ, 3 ਸਤੰਬਰ ਸੋਨੂੰ ਨਰੂਲਾ**- ਰਾਵੀ ਦੀ ਸਭ ਤੋਂ ਵੱਧ ਮਾਰ ਹੇਠ ਆਏ ਇਲਾਕੇ ਜੋ ਕਿ ਰਮਦਾਸ ਤੋਂ ਵੀ ਅੱਗੇ ਦੇ ਪਿੰਡ ਹਨ, ਵਿੱਚ ਰਹਿ ਰਹੇ ਲੋਕਾਂ ਦੀ ਸਾਰ ਲੈਣ ਲਈ ਅੱਜ ਡਿਪਟੀ ਕਮਿਸ਼ਨਰ ਸ੍ਰੀਮਤੀ ਸਾਕਸ਼ੀ ਸਾਹਨੀ ਅਤੇ ਜਿਲ੍ਹਾ ਪੁਲਿਸ ਮੁਖੀ ਸ ਮਨਿੰਦਰ ਸਿੰਘ ਟਰੈਕਟਰ ਉੱਤੇ ਚੜ ਕੇ ਪੁੱਜੇ। ਇਸ ਮੌਕੇ ਉਹਨਾਂ ਨਾਲ ਵਧੀਕ ਡਿਪਟੀ ਕਮਿਸ਼ਨਰ ਸ੍ਰੀ ਰੋਹਿਤ ਗੁਪਤਾ, ਐਸਡੀਐਮ ਅਜਨਾਲਾ ਸ੍ਰੀ ਰਵਿੰਦਰ ਸਿੰਘ, ਸ੍ਰੀ ਖੁਸ਼ਹਾਲ ਸਿੰਘ ਧਾਲੀਵਾਲ, ਸੈਕਟਰੀ ਰੈਡ ਕਰਾਸ ਸ੍ਰੀ ਸੈਮਸਨ ਮਸੀਹ ਅਤੇ ਰਾਹਤ ਕੰਮਾਂ ਵਿੱਚ ਲੱਗੇ ਹੋਰ ਅਧਿਕਾਰੀ ਵੀ ਸਨ। ਉਕਤ ਟੀਮ ਨੇ ਨੰਗੇ ਪੈਰੀਂ ਪਾਣੀ ਵਿੱਚ ਕਈ ਕਿਲੋਮੀਟਰ ਤੁਰ ਕੇ ਅੜਾਇਆ, ਬਉਲੀ, ਮੌਲੀ ਆਦਿ ਪਿੰਡਾਂ ਅਤੇ ਡੇਰਿਆਂ ਉੱਤੇ ਰਹਿ ਰਹੇ ਲੋਕਾਂ ਤੱਕ ਪਹੁੰਚ ਕੀਤੀ। ਉਹਨਾਂ ਨੇ ਲੋਕਾਂ ਦੀ ਸਿਹਤ ਦਾ ਹਾਲ ਜਾਣਿਆ ਅਤੇ ਉਹਨਾਂ ਦੇ ਘਰ, ਬਾਹਰ , ਪਸ਼ੂ ਡੰਗਰ ਦੇ ਹੋਏ ਨੁਕਸਾਨ ਦਾ ਜਾਇਜ਼ਾ ਲਿਆ ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਾਡੀਆਂ ਟੀਮਾਂ ਹਰ ਵੇਲੇ ਇਹਨਾਂ ਲੋਕਾਂ ਦੀ ਮਦਦ ਲਈ ਇਥੇ ਤਾਇਨਾਤ ਹਨ, ਜਿੰਨਾ ਵਿੱਚ ਡਾਕਟਰ ਅਤੇ ਪਸ਼ੂਆਂ ਦੇ ਮਾਹਰ ਵੀ ਸ਼ਾਮਿਲ ਹਨ। ਡਿਪਟੀ ਕਮਿਸ਼ਨਰ ਨੇ ਉਹ ਲੋਕ ਜਿਨਾਂ ਦੇ ਘਰਾਂ ਨੂੰ ਜਿਆਦਾ ਨੁਕਸਾਨ ਹੋਇਆ ਹੈ, ਨੂੰ ਵਿਸ਼ੇਸ਼ ਤੌਰ ਉੱਤੇ ਰਾਹਤ ਕੈਂਪਾਂ ਵਿੱਚ ਪਹੁੰਚਣ ਦੀ ਅਪੀਲ ਕੀਤੀ ਤਾਂ ਜੋ ਕੋਈ ਜਾਨੀ ਨੁਕਸਾਨ ਨਾ ਹੋਵੇ। ਉਹਨਾਂ ਨੇ ਕਿਹਾ ਕਿ ਇਹ ਉਹ ਲੋਕ ਹਨ ਜੋ ਆਪਣੇ ਘਰਾਂ ਦੀ ਰਾਖੀ ਜਾਂ ਹੋਰ ਲੋੜਾਂ ਕਾਰਨ ਪਾਣੀ ਵਿੱਚ ਘਿਰੇ ਹੋਣ ਦੇ ਬਾਵਜੂਦ ਘਰ ਖਾਲੀ ਕਰਕੇ ਨਹੀਂ ਜਾ ਸਕੇ । ਉਹਨਾਂ ਨੇ ਅਧਿਕਾਰੀਆਂ ਨੂੰ ਇਨਾਂ ਲੋਕਾਂ ਦੀਆਂ ਲੋੜਾਂ ਦਾ ਵਿਸ਼ੇਸ਼ ਖਿਆਲ ਰੱਖਣ ਦੀ ਹਦਾਇਤ ਕੀਤੀ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਦੇ 140 ਪਿੰਡ ਹੜਾਂ ਨਾਲ ਪ੍ਰਭਾਵਿਤ ਹੋਏ ਹਨ, ਜਿਨਾਂ ਵਿੱਚ ਲਗਭਗ ਇਕ ਲੱਖ 17 ਹਜਾਰ ਤੋਂ ਵੱਧ ਆਬਾਦੀ ਪ੍ਰਭਾਵਿਤ ਹੋਈ ਹੈ। ਉਹਨਾਂ ਦੱਸਿਆ ਕਿ ਹੁਣ ਤੱਕ ਤਿੰਨ ਮਨੁੱਖੀ ਜਾਨਾਂ ਹੜਾਂ ਦੀ ਲਪੇਟ ਵਿੱਚ ਆਈਆਂ ਹਨ। ਇਸ ਤੋਂ ਇਲਾਵਾ 6 ਪਸ਼ੂਆਂ ਦੇ ਮਰਨ, 73 ਘਰਾਂ ਦੇ ਢਹਿ ਜਾਣ, ਲਗਭਗ 23 ਹਜਾਰ ਹੈਕਟੇਅਰ ਫਸਲ ਬਰਬਾਦ ਹੋਣ ਅਤੇ ਖੇਤੀ ਮਸ਼ੀਨਰੀ ਨੁਕਸਾਨੀ ਜਾਣ ਜਾਂ ਰੁੜਨ ਦੀਆਂ ਰਿਪੋਰਟਾਂ ਮਿਲੀਆਂ ਹਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹੜ ਪ੍ਰਭਾਵਿਤ ਇਲਾਕੇ ਵਿੱਚ 16 ਰਾਹਤ ਕੈਂਪ ਚਲਾਏ ਜਾ ਰਹੇ ਹਨ, ਜਿੱਥੋਂ ਲੋੜਵੰਦਾਂ ਨੂੰ ਲੋੜੀਂਦੀਆਂ ਵਸਤਾਂ ਦਿੱਤੀਆਂ ਜਾ ਰਹੀਆਂ ਹਨ, ਪਸ਼ੂਆਂ ਦਾ ਚਾਰਾ ਦਿੱਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਡਾਕਟਰੀ ਟੀਮਾਂ ਇੱਥੇ ਮਨੁੱਖਾਂ ਅਤੇ ਪਸ਼ੂਆਂ ਦਾ ਇਲਾਜ ਕਰ ਰਹੀਆਂ ਹਨ। ਉਹਨਾਂ ਨੇ ਕਿਹਾ ਕਿ ਸਾਡੀ ਕੋਸ਼ਿਸ਼ ਹੈ ਕਿ ਕੁਦਰਤੀ ਆਫਤ ਨਾਲ ਜੋ ਨੁਕਸਾਨ ਹੋਣਾ ਸੀ, ਉਹ ਤਾਂ ਅਸੀਂ ਨਹੀਂ ਬਚਾਅ ਸਕੇ ਪਰ ਭਵਿੱਖ ਵਿੱਚ ਕਿਸੇ ਤਰ੍ਹਾਂ ਦੀ ਲਾਪਰਵਾਹੀ ਨਾਲ ਕੋਈ ਨੁਕਸਾਨ ਨਾ ਹੋਵੇ। ਉਹਨਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਕਿਸੇ ਵੀ ਸੰਕਟ ਵੇਲੇ ਜ਼ਿਲ੍ਹਾ ਹੈਲਪ ਲਾਈਨ ਨੰਬਰ 0183-2229125 ਉੱਤੇ ਫੋਨ ਕਰਨ ਤਾਂ ਜੋ ਉਹਨਾਂ ਦੀ ਸਹਾਇਤਾ ਕੀਤੀ ਜਾ ਸਕੇ।

# ਨਗਰ ਕੀਰਤਨ ਮੌਕੇ ਨਿਊ ਵੇ ਟਰਾਂਸਪੋਰਟ ਕੰਪਨੀ ਨੇ ਲੰਗਰ ਲਗਾਇਆ



**ਭਗਤਾ ਭਾਈ, 3 ਸਤੰਬਰ (ਰਾਜਿੰਦਰ ਸਿੰਘ ਮਰਾਹੜ)**- ਸਿੱਖ ਸੁਸਾਇਟੀ ਮੈਨੀਟੋਬਾ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਵਿੰਨੀਪੈਗ (ਕੈਨੇਡਾ) ਵਿਖੇ ਸਜਾਇਆ ਗਿਆ। ਜਿਸ ਦੌਰਾਨ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜਰੀ ਭਰ ਕੇ ਗੁਰੂ ਸਾਹਿਬ ਦੀਆਂ ਦੀਆਂ ਖੁਸੀਆਂ ਪ੍ਰਾਪਤ ਕੀਤੀਆਂ। ਇਸ ਮੌਕੇ ਵੱਖ-ਵੱਖ ਸੰਸਥਾਵਾਂ ਅਤੇ ਲੋਕਾਂ ਵੱਲੋਂ ਸੰਗਤਾਂ ਲਈ ਗੁਰੂ ਕੇ ਲੰਗਰ ਲਗਾਏ ਗਏ। ਸਮਾਜ ਸੇਵੀ ਸਰਬਜੀਤ ਸਿੰਘ ਢਿੱਲੋਂ ਮਲੂਕਾ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਨਗਰ ਕੀਰਤਨ ਮੌਕੇ ਨਿਊ ਵੇ ਟਰਾਂਸਪੋਰਟ ਵੱਲੋਂ ਲੰਗਰ ਦੀ ਸੇਵਾ ਕੀਤੀ ਗਈ। ਜਿਸ ਤਹਿਤ ਫਰੂਟ ਤੇ ਕੁਲਫ਼ੀਆਂ ਦੇ ਲੰਗਰ ਲਏ। ਇਸ ਮੌਕੇ ਕੰਪਨੀ ਦੇ ਓਨਰ ਗੁਰਪ੍ਰੀਤ ਸਿੰਘ ਬਰਾੜ ਅਤੇ ਦਲਰਾਜ ਸਿੰਘ ਬਰਾੜ ਅਡੰਮਿੰਟਨ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ। ਸੁਸਾਇਟੀ ਦੇ ਪ੍ਰਧਾਨ ਹਰਬੰਸ ਸਿੰਘ ਬਰਾੜ ਨੇ ਸਮੂਹ ਸੰਗਤਾਂ ਦੇ ਨਾਲ-ਨਾਲ ਲੰਗਰ ਲਗਾਉਣ ਲਈ ਕੰਪਨੀ ਦਾ ਧੰਨਵਾਦ ਕੀਤਾ। ਇਸ ਮੌਕੇ ਸਰਬਜੀਤ ਸਿੰਘ ਢਿੱਲੋਂ ਮਲੂਕਾ, ਰਾਜਵਿੰਦਰ ਸਿੰਘ ਖੋਸਾ, ਮੱਖਣ ਸਿੰਘ ਧਾਲੀਵਾਲ, ਕੁਲਵੰਤ ਸਿੰਘ ਸੀਨਮ, ਗੁਰਪ੍ਰੀਤ ਸਿੰਘ, ਜਨਕ ਰਾਜ ਸੁਧੀਰ, ਸ਼ਿਵਪਾਲ ਤੇ ਹਰਜੀਤ ਸਿੰਘ ਨੇ ਵਿਸ਼ੇਸ਼ ਸੇਵਾ ਨਿਭਾਈ। ਦੀਪ ਹੋਮ ਫਰਨਿੰਸਇੰਗ ਕੰਪਨੀ ਦੇ ਵਰਕਰਾਂ ਨੇ ਵੀ ਸੇਵਾ ਵਿੱਚ ਬਹੁਤ ਯੋਗਦਾਨ ਪਾਇਆ। ਇਸ ਮੌਕੇ ਇਕੱਤਰ ਸੰਗਤਾਂ ਵੱਲੋਂ ਪੰਜਾਬ ਵਿਚ ਆਏ ਭਿਆਨਕ ਹੜ੍ਹਾਂ ਦੀ ਰੋਕਥਾਮ ਲਈ ਅਰਦਾਸ ਵੀ ਕੀਤੀ ਗਈ।


## ਬੰਧਨ ਪਿਆਰ ਕਾ



ਗਿੱਦੜਬਾਹਾ ਦੇ ਹਰੀਸ਼ ਆਹੂਜਾ ਅਤੇ ਸੋਨਾਲੀ ਆਹੂਜਾ ਨੂੰ ਵਿਆਹ ਦੀ 9ਵੀਂ ਵਰ੍ਹੇਗੰਢ ਮੁਬਾਰਕ।


# ਗਿਆਨੀ ਭਗਤ ਸਿੰਘ ਜੀ ਦੇ 101ਵੇਂ ਜਨਮ-ਦਿਨ ਨੂੰ ਸਮਰਪਿਤ ਅੱਖਾਂ ਦਾ ਚੈੱਕ ਅਪ ਅਤੇ ਖੂਨਦਾਨ ਕੈਂਪ ਹੈਡੋਂ ਬੇਟ ਵਿਖੇ 21 ਸਤੰਬਰ ਨੂੰ

**ਮਾਛੀਵਾੜਾ ਸਾਹਿਬ, 3 ਸਤੰਬਰ, ਮਾਸਟਰ ਸਤੀਸ਼ ਕੁਮਾਰ**- ਗਿਆਨੀ ਭਗਤ ਸਿੰਘ ਦੇ 101ਵੇਂ ਜਨਮਦਿਨ ਮੌਕੇ ਉਨ੍ਹਾਂ ਦੇ ਸਪੁੱਤਰ ਰਣਜੋਧ ਸਿੰਘ (ਜੀ.ਐਸ. ਇੰਟਰਨੈਸ਼ਨਲ ਪ੍ਰਾ: ਲਿ: ਲੁਧਿ:) ਅਤੇ ਸ਼ੰਕਰਾ ਅੱਖਾਂ ਦਾ ਹਸਪਤਾਲ, ਲੁਧਿਆਣਾ ਦੇ ਸਹਿਯੋਗ ਨਾਲ 13ਵਾਂ ਅੱਖਾਂ ਦਾ ਫ਼ਰੀ ਕੈਂਪ ਅਤੇ ਖੂਨਦਾਨ ਕੈਂਪ ਗੁਰਦੁਆਰਾ ਸਿੰਘ ਸਭਾ, ਹੇਡੋਂ ਬੇਟ ਵਿਖੇ 21 ਸਤੰਬਰ ਨੂੰ ਸਵੇਰੇ 8 ਤੋਂ ਦੇਰ ਸ਼ਾਮ ਤੱਕ ਤੱਕ ਲਗਵਾਇਆ ਜਾ ਰਿਹਾ ਹੈ। ਜਿਸ ਸਬੰਧੀ ਜਾਣਕਾਰੀ ਦਿੰਦਿਆਂ ਅਮਰੀਕ ਸਿੰਘ ਸੈਕਟਰੀ, ਚਮਨ ਲਾਲ, ਸ਼ਮਸ਼ੇਰ ਸਿੰਘ ਮਨੀਮ, ਸਾਬਕਾ ਫੌਜੀ ਸੰਜੀਵ ਸਿੰਘ, ਮਾਸਟਰ ਮਨਜੀਤ ਸਿੰਘ, ਪੰਚ ਅਸ਼ੋਕ ਕੁਮਾਰ, ਪੰਚ ਮਹਿੰਦਰ ਸਿੰਘ, ਜਸਪਾਲ ਸਿੰਘ ਆਦਿ ਨੇ ਦੱਸਿਆ ਕਿ , ਇਸ ਕੈਂਪ ਵਿੱਚ ਗਰੀਬਾਂ ਅਤੇ ਲੋੜਵੰਦਾਂ ਦੀ ਭਲਾਈ ਲਈ, ਸ਼ੰਕਰਾ ਅੱਖਾਂ ਦੇ ਹਸਪਤਾਲ ਦੇ ਕੈਂਪ ਵਿੱਚ ਅੱਖਾਂ ਦਾ ਚੈਕਅੱਪ, ਹਰ ਪ੍ਰਕਾਰ ਦੀ ਬਿਮਾਰੀ ਬਾਰੇ ਜਾਣਕਾਰੀ ਅਤੇ ਇਲਾਜ 'ਤੇ ਇਸ ਬਾਰੇ ਸਲਾਹ ਬਿਲਕੁੱਲ ਮੁਫ਼ਤ ਦਿੱਤੀ ਜਾਂਦੀ ਹੈ।ਜੋ ਮਰੀਜ਼ ਆਪਰੇਸ਼ਨ ਲਈ ਚੁਣੇ ਜਾਣਗੇ, ਸ਼ੰਕਰਾ ਹਸਪਤਾਲ ਦੀ ਦੇਖਭਾਲ ਅਧੀਨ ਉਹਨਾਂ ਦਾ ਇਲਾਜ ਸ਼ੰਕਰਾ ਹਸਪਤਾਲ ਡਾਕਟਰਾਂ ਵੱਲੋਂ ਮੁਫ਼ਤ ਕੀਤਾ ਜਾਵੇਗਾ।ਜਿਹੜੇ ਮਰੀਜ਼ ਚੁਣੇ ਜਾਂਦੇ ਹਨ ਉਨ੍ਹਾਂ ਮਰੀਜ਼ਾਂ ਨੂੰ ਲੈ ਕੇ ਆਉਣ ਅਤੇ ਛੱਡ ਕੇ ਆਉਣ ਦੀ ਜ਼ਿੰਮੇਵਾਰੀ ਹਸਪਤਾਲ ਦੀ ਹੈ।

ਜਿਹੜੇ ਮਰੀਜ਼ ਚੁਣੇ ਜਾਂਦੇ ਹਨ ਉਹ ਮਰੀਜ਼ ਹਸਪਤਾਲ ਦੀ ਦੇਖਭਾਲ ਵਿੱਚ ਰਹਿਣਗੇ ਉਨ੍ਹਾਂ ਨੂੰ ਹਰ ਸਹੂਲਤ ਜਿਵੇਂ : ਟੈਸਟ. ਆਪਰੇਸ਼ਨ, ਦਵਾਈਆਂ ਰਹਿਣ ਦੀ ਜਗਾ ਅਤੇ ਭੋਜਨ ਆਦਿ ਹਸਪਤਾਲ ਵੱਲੋਂ ਬਿਲਕੁੱਲ ਫ਼ਰੀ ਮੁੱਹਈਆ ਹੋਵੇਗਾ। ਜਿਹੜੇ ਮਰੀਜ਼ ਡਾਕਟਰ ਵੱਲੋਂ ਆਪਰੇਸ਼ਨ ਲਈ ਚੁਣੇ ਜਾਂਦੇ ਹਨ ਉਹਨਾਂ ਨੂੰ ਅੱਖਾਂ ਵਾਲਾ ਲੈਂਨਜ ਹਸਪਤਾਲ ਵੱਲੋਂ ਫ਼ਰੀ ਹੈ।ਸਾਰੇ ਮਰੀਜ਼ ਕੈਂਪ ਵਿੱਚ ਆਉਣ ਦੌਰਾਨ ਇੱਕ ਜੋੜਾ ਕੱਪੜੇ ਜ਼ਰੂਰ ਲੈ ਕੇ ਆਉਣ, ਕਿਉਂਕਿ ਜੇ ਤੁਹਾਨੂੰ ਆਪਰੇਸ਼ਨ ਲਈ ਚੁਣਿਆ ਜਾਵੇ ਤਾਂ ਤੁਹਾਨੂੰ ਕੈਂਪ ਤੋਂ ਹੀ ਹਸਪਤਾਲ ਲੈ ਆਉਂਦਾ ਜਾਵੇਗਾ।ਸਾਰੇ ਮਰੀਜ਼ਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਆਧਾਰ ਕਾਰਡ, ਵੋਟਰ ਕਾਰਡ ਆਦਿ ਨੂੰ ਨਾਲ ਲੈ ਕੇ ਆਉਣ। ਸਾਰੇ ਮਰੀਜ਼ਾਂ ਨੂੰ ਬੇਨਤੀ ਹੈ ਕਿ ਕੈਂਪ ਵਿੱਚ ਆਉਂਣ ਤੋਂ ਪਹਿਲਾਂ ਕੇਸੀ ਇਸ਼ਨਾਨ ਕਰਕੇ ਆਉਣ ਕਿਉਂਕਿ ਮਰੀਜ਼ ਆਪਰੇਸ਼ਨ ਤੋਂ ਬਾਅਦ ਇੱਕ ਮਹੀਨਾ ਵਾਲਾਂ ਨੂੰ ਨਹੀਂ ਧੋ ਸਕਦੇ।ਦਿਲ ਦੇ ਮਰੀਜ਼ ਅਤੇ ਸ਼ੂਗਰ ਦੇ ਮਰੀਜ਼ ਆਪਣੀ ਚੱਲ ਰਹੀ ਦਵਾਈ ਨਾਲ ਲੈ ਕੇ ਆਉਣ। ਪਿੰਡ ਵਾਸੀਆਂ ਗ੍ਰਾਮ ਪੰਚਾਇਤ, ਨੌਜਵਾਨਾਂ ਵੱਲੋਂ ਅੱਖਾਂ ਦੇ ਚੈੱਕ ਅੱਪ ਅਤੇ ਖੂਨਦਾਨ ਕਰਨ ਲਈ ਸੰਗਤਾਂ ਨੂੰ ਅਪੀਲ ਕੀਤੀ ਗਈ ਹੈ।

# ਭਾਰੀ ਬਾਰਿਸ਼ ਕਾਰਨ ਗਰੀਬ ਬਜ਼ੁਰਗ ਜੋੜੇ ਦੇ ਘਰ ਦੀ ਛੱਤ ਡਿੱਗੀ, ਹੋਇਆ ਭਾਰੀ ਨੁਕਸਾਨ

## ਨਾਭਾ ਦੀ ਡੀਐਸਪੀ ਮਨਦੀਪ ਕੌਰ ਤਨਖ਼ਾਹ ਦੇ ਨਾਲ ਬਣਾਕੇ ਦੇਣਗੇ ਘਰ

**ਨਾਭਾ 3 ਸਤੰਬਰ (ਤਰੁਣ ਮਹਿਤਾਂ)** ਲਗਾਤਾਰ ਭਾਰੀ ਬਾਰਿਸ਼ ਹੋਣ ਕਾਰਨ ਨਾਭਾ ਦੇ ਪਿੰਡ ਭੋਜੋਮਾਜਰੀ ਵਿਖੇ ਗਰੀਬ ਬਜ਼ੁਰਗ ਸ਼ਮਸ਼ੇਰ ਸਿੰਘ ਜਰਨੈਲ ਕੌਰ ਜੋੜੇ ਦੀ ਘਰ ਦੀ ਛੱਤ ਗਿਰਨ ਨਾਲ ਕਾਫੀ ਵੱਡਾ ਨੁਕਸਾਨ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਦਾ ਜਾਇਜ਼ਾ ਲੈਣ ਲਈ ਡੀ ਐਸ ਪੀ ਨਾਭਾ ਮਨਦੀਪ ਕੌਰ ਉਸ ਗਰੀਬ ਜੋੜੇ ਦੇ ਘਰ ਪਹੁੰਚੇ, ਘਰ ਦੇ ਹਾਲਾਤ ਵੇਖ ਡੀਐਸਪੀ ਨਾਭਾ ਮਨਦੀਪ ਕੌਰ ਨੇ ਆਪਣੀ ਇੱਕ ਮਹੀਨੇ ਦੀ ਤਨਖਾਹ ਅਤੇ ਬਾਕੀ ਮੁਲਾਜ਼ਮਾਂ ਨਾਲ ਗੱਲ ਕਰਕੇ ਇਸ ਬਜ਼ੁਰਗ ਜੋੜੇ ਦੀ ਛੱਤ ਪਾਉਣ ਦਾ ਐਲਾਨ ਕੀਤਾ ਹੈ।, ਉਹਨਾਂ ਕਿਹਾ ਕਿ ਅਸੀ ਬਾਕੀ ਪੁਲਿਸ ਮੁਲਾਜ਼ਮਾਂ ਨਾਲ ਤੇ ਸਮਾਜ ਸੇਵੀ ਸੰਸਥਾਵਾਂ ਨਾਲ ਗੱਲ ਕਰਾਂਗੇ ਕਿ ਆਪਣੀ ਤਨਖਾਹ ਚੋਂ ਵੀ ਕੁਝ ਨਾ ਕੁਝ ਯੋਗਦਾਨ ਜਰੂਰ ਪਾਉਣ। ਇਸ ਮੌਕੇ ਤੇ ਬਜ਼ੁਰਗ ਜੋੜੇ ਅਤੇ ਪਰਿਵਾਰਕ ਮੈਂਬਰਾਂ ਨੇ ਡੀ,ਐਸ, ਪੀ ਨਾਭਾ ਮਨਦੀਪ ਕੌਰ ਦਾ ਧੰਨਵਾਦ ਕੀਤਾ।



# ਮੂਰਤੀ ਸਥਾਪਨਾ ਦੇ ਸਬੰਧ ਦੇ ਪੰਜਵੇਂ ਦਿਨ ਨੀਤੂ ਏਰਨ ਅਤੇ ਸੁਨੀਲ ਏਰਨ ਵਲੋਂ ਪੂਜਾ ਕਰਵਾਈ ਗਈ



**ਗਿੱਦੜਬਾਹਾ, 3 ਸਤੰਬਰ (ਕੁਲਭੂਸ਼ਨ ਗਰਗ)** - ਜੈ ਬਾਬਾ ਖੇਤਰਪਾਲ ਮੰਦਰ ਵੈਲਫੇਅਰ ਸੁਸਾਇਟੀ ਗਿੱਦੜਬਾਹਾ ਵੱਲੋਂ 5 ਸਤੰਬਰ ਨੂੰ ਮੰਦਰ ਵਿਖੇ ਹੋਣ ਵਾਲੀ ਮੂਰਤੀ ਸਥਾਪਨਾ ਦੇ ਸੰਬੰਧ ਵਿਚ ਅੱਜ ਪੰਜਵੇਂ ਦਿਨ ਨੀਤੂ ਏਰਨ ਅਤੇ ਸੁਨੀਲ ਏਰਨ ਵਲੋਂ ਵਿਸ਼ੇਸ਼ ਪੂਜਾ ਅਰਚਨਾਂ ਕਰਵਾਈ ਗਈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਕਮੇਟੀ ਦੇ ਸਕੱਤਰ ਪੁਨੀਤ ਕਟਾਰੀਆ ਪ੍ਰੰਨੂੰ ਨੇ ਦੱਸਿਆ ਕਿ ਨੀਤੂ ਏਰਨ ਅਤੇ ਸੁਨੀਲ ਏਰਨ ਵੱਲੋ ਪੂਜਾ ਅਰਚਨਾ ਕਰਵਾਈ ਗਈ ਹੈ ਅਤੇ ਜਤਿੰਦਰ ਗਰਗ ਲੱਕੀ ਦੇ ਪਰਿਵਾਰ ਅਤੇ ਕੇਵਲ ਕ੍ਰਿਸ਼ਨ ਗੁਪਤਾ ਅਤੇ ਗੌਰਵ ਗੁਪਤਾ ਦੇ ਪਰਿਵਾਰ ਵੱਲੋਂ ਮਾਤਾ ਦੁਰਗਾ ਜੀ ਅਤੇ ਬਾਂਕੇ ਬਿਹਾਰੀ ਜੀ ਨੂੰ ਫੁੱਲਾਂ ਦਾ ਅਵਾਸ ਕਰਵਾਇਆ ਗਿਆ। ਇਸ ਮੌਕੇ ਮੰਦਰ ਕਮੇਟੀ ਦੇ ਪ੍ਰਬੰਧਕਾਂ ਵਲੋਂ ਨੀਤੂ ਏਰਨ ਅਤੇ ਸੁਨੀਲ ਏਰਨ, ਜਤਿੰਦਰ ਗਰਗ ਲੱਕੀ, ਕੇਵਲ ਕ੍ਰਿਸ਼ਨ ਗੁਪਤਾ ਅਤੇ ਗੌਰਵ ਗੁਪਤਾ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮੁਕੇਸ਼ ਗੋਇਲ, ਅੰਮ੍ਰਿਤ ਗੋਇਲ, ਸੈਕਟਰੀ ਪੁਨੀਤ ਕਟਾਰੀਆ ਪ੍ਰੰਨੂੰ, ਕੈਸ਼ੀਅਰ ਮੋਹਿਤ ਗਰਗ, ਪੁਨੀਤ ਗਰਗ, ਮੋਹਿਤ ਗਿਲਹੋਤਰਾ, ਗਗਨ ਬਾਂਸਲ, ਓਮ ਪ੍ਰਕਾਸ਼ ਸਿੰਗਲਾ, ਰਿਸ਼ਬ ਗਰਗ, ਪ੍ਰਿੰਸ ਬੁੱਟਰ, ਅਚਾਰੀਆ ਸੁਮੀਤ ਬਰਿਸ ਅਤੇ ਮੁੱਖ ਪੁਜਾਰੀ ਦੀਪਕ ਜੋਸ਼ੀ ਆਦਿ ਵੀ ਮੌਜੂਦ ਸਨ।

# ਸਵ. ਹਕੀਕਤ ਸਿੰਘ ਗਿੱਲ ਦੇ ਨਮਿੱਤ ਪਾਠ ਦਾ ਭੋਗ ਅੱਜ



**ਗਿੱਦੜਬਾਹਾ, 3 ਸਤੰਬਰ (ਕੁਲਭੂਸ਼ਨ ਗਰਗ)** - ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਐਮਪੀ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਪੀਏ ਜਸਪ੍ਰੀਤ ਸਿੰਘ ਭਲਾਈਆਣਾ ਦੇ ਸੁਹਰਾ ਸਾਹਿਬ ਹਕੀਕਤ ਸਿੰਘ ਗਿੱਲ ਰਾਮੇਆਣਾ ਦਾ ਬੀਤੇ ਦਿਨੀਂ ਦੇਹਾਂਤ ਹੋ ਗਿਆ ਸੀ। ਅੱਜ ਅਮਰਿੰਦਰ ਸਿੰਘ ਰਾਜਾ ਵੜਿੰਗ ਗਿੱਲ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਉਹਨਾਂ ਦੇ ਘਰ ਰਾਮੇਆਣਾ ਪੁੱਜੇ। ਇਸ ਮੌਕੇ ਹਰਚਰਨ ਸਿੰਘ ਬਰਾੜ ਸੋਥਾ, ਚੇਅਰਮੈਨ ਨਰਿੰਦਰ ਸਿੰਘ ਕਾਉਣੀ, ਜਿਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਸੁਭਦੀਪ ਸਿੰਘ ਬਿੱਟੂ, ਪੰਚਾਇਤ ਰਾਜ ਸੰਗਠਨ ਦੇ ਪੰਜਾਬ ਚੇਅਰਮੈਨ ਗਗਨਦੀਪ ਬੌਬੀ, ਚੇਅਰਮੈਨ ਸਰਨਜੀਤ ਸਿੰਘ ਕਬਰਵਾਲਾ, ਰਾਜਾ ਰੁਖਾਲਾ, ਗੁਰਪ੍ਰੀਤ ਫੌਜੀ ਖੋਖਰ ਨੇ ਗਿੱਲ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸਵ. ਹਕੀਕਤ ਸਿੰਘ ਗਿੱਲ ਦੀ ਆਤਮਿਕ ਸ਼ਾਂਤੀ ਲਈ ਲਈ ਰਖਾਏ ਗਏ ਪਾਠ ਦਾ ਭੋਗ ਅੱਜ 4 ਸਤੰਬਰ ਦਿਨ ਬੁੱਧਵਾਰ ਨੂੰ ਬਾਅਦ ਦੁਪਹਿਰ 12:00 ਤੋਂ 1:00 ਵਜੇ ਤੱਕ ਇਤਿਹਾਸਕ ਗੁਰਦੁਆਰਾ ਪਾਤਸਾਹੀ ਦਸਵੀਂ, ਪਿੰਡ ਰਾਮੇਆਣਾ ਵਿਖੇ ਪਵੇਗਾ।

# ਵਧੀਕ ਡਿਪਟੀ ਕਮਿਸ਼ਨਰ ਨੇ ਸ਼ਹਿਰ ਦੇ ਨੀਵੇ ਇਲਾਕਿਆਂ ਅਤੇ ਆਦਮਪਾਲ ਵਿਖੇ ਸਥਿਤ ਮਾਲੇਰਕੋਟਲਾ ਸ਼ਹਿਰ ਦੇ ਮੇਨ ਪੰਪਿਗ ਸਟੇਸ਼ਨ ਦਾ ਕੀਤਾ ਦੌਰਾ ਅਤੇ ਲਿਆ ਜਾਇਜ਼ਾ



**ਮਾਲੇਰਕੋਟਲਾ 03 ਸਤੰਬਰ (ਸ਼ਰਮਾ)** ਮਾਲੇਰਕੋਟਲਾ ਦੇ ਡਿਪਟੀ ਕਮਿਸ਼ਨਰ ਵਿਰਾਜ ਐਸ.ਤਿੜਕੇ ਵੱਲੋਂ ਜ਼ਿਲ੍ਹੇ ਦੇ ਅਹਿਮ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਮੀਂਹ ਕਰਨ ਖੜ੍ਹੇ ਪਾਣੀ ਦੀ ਨਿਕਾਸੀ ਅਤੇ ਆਗਾਮੀ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ। ਉਨ੍ਹਾਂ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਫੀਲਡ ਵਿਚ ਸਰਗਰਮ ਰਹਿਣ ਅਤੇ ਲੋਕਾਂ ਦੀਆਂ ਮੁਸ਼ਕਿਲਾਂ ਤੁਰੰਤ ਹੱਲ ਕਰਨ ਦੇ ਨਿਰਦੇਸ਼ ਦਿੱਤੇ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਸੁਖਪ੍ਰੀਤ ਸਿੰਘ ਸਿੱਧੂ,ਐਸ.ਡੀ.ਐਮ.ਮਾਲੇਰਕੋਟਲਾ ਗੁਰਮੀਤ ਕੁਮਾਰ ਬਾਂਸਲ ਤੋਂ ਇਲਾਵਾ ਸਬੰਧਤ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਬਰਸਾਤ ਤੋਂ ਬਾਅਦ ਲੋਕਾਂ ਦੀ ਸਿਹਤ ਦੀ ਸੁਰੱਖਿਆ ਲਈ ਤਾਲਮੇਲ ਵਾਲੇ ਯਤਨਾਂ ਦੀ ਮਹੱਤਤਾ 'ਤੇ ਜ਼ੋਰ ਦਿੰਦਿਆ ਸਾਰੀਆਂ ਧਿਰਾਂ ਨੂੰ ਚੌਕਸ ਰਹਿਣ ਅਤੇ ਜਿੱਥੇ ਵੀ ਲੋੜ ਹੋਵੇ ਸਮੇਂ ਸਿਰ ਸਹਾਇਤਾ ਪ੍ਰਦਾਨ ਕਰਨ ਲਈ ਜ਼ਰੂਰੀ ਨਿਰਦੇਸ਼ ਜਾਰੀ ਕੀਤੇ । ਉਨ੍ਹਾਂ ਮੌਜੂਦਾ ਬਾਰਿਸ਼ ਅਤੇ ਮੌਸਮ ਵਿਭਾਗ ਦੀ ਭਵਿੱਖਬਾਣੀ ਦੇ ਮੱਦੇਨਜ਼ਰ, ਜ਼ਿਲ੍ਹੇ ਦੇ ਵਸਨੀਕਾਂ ਨੂੰ ਕਿਹਾ ਕਿ ਜ਼ਿਲ੍ਹੇ ਵਿੱਚੋਂ ਲੰਘਦੀਆਂ ਡਰੇਨਾਂ, ਨੀਵੀਆਂ ਥਾਵਾਂ 'ਤੇ ਪਾਣੀ ਦੇ ਪੱਧਰ, ਖੇਤਾਂ, ਅਤੇ ਹਾਈਰਿਸਕ ਵਾਲੇ ਸਥਾਨਾਂ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਵਲੋਂ ਲਗਾਤਾਰ ਚੋਕਸ ਨਿਘਾ ਰੱਖੀ ਜਾਵੇ ਤਾਂ ਜੋ ਅਪਾਤ ਦੀ ਸਥਿਤੀ ਪੈਦਾ ਹੋਣ ਤੇ ਫੋਰੀ ਇੰਤਜਾਮ ਕੀਤੇ ਜਾ ਸਕਣ। ਇਸ ਉਪਰੰਤ ਵਧੀਕ ਡਿਪਟੀ ਕਮਿਸ਼ਨਰ ਸੁਖਪ੍ਰੀਤ ਸਿੰਘ ਸਿੱਧੂ ਨੇ ਸ਼ਹਿਰ ਦੇ ਨੀਵੇ ਇਲਾਕਿਆਂ ਅਤੇ ਆਦਮਪਾਲ ਵਿਖੇ ਸਥਿਤ ਮਾਲੇਰਕੋਟਲਾ ਸ਼ਹਿਰ ਦੇ ਮੇਨ ਪੰਪਿਗ ਸਟੇਸ਼ਨ ਦਾ ਦੌਰਾ ਕਰਕੇ ਜਾਇਜ਼ਾ ਵੀ ਲਿਆ। ਇਸ ਮੌਕੇ ਉਨ੍ਹਾਂ ਦੇ ਨਾਲ ਕਾਰਜ ਸਾਧਕ ਅਫ਼ਸਰ ਚੰਦਰ ਪ੍ਰਕਾਸ਼ ਵਧਵਾ, ਸਹਾਇਕ ਮਿਊਂਸਪਲ ਇੰਜਨੀਅ (ਐਮ) ਇੰਜ.ਗੁਰਪ੍ਰੀਤ ਸਿੰਘ, ਸਹਾਇਕ ਮਿਊਂਸਪਲ ਇੰਜਨੀਅਰ (ਸਿਵਲ) ਇੰਜ.ਨਰਿੰਦਰ ਕੁਮਾਰ, ਜੀ.ਏ ਕੁਲਜਿੰਦਰ ਸਿੰਘ, ਸੈਨਟਰੀ ਇੰਸਪੈਕਟਰ ਗੁਰਿੰਦਰ ਸਿੰਘ, ਸੈਨਟਰੀ ਸੁਪਰਵਾਇਜਰ ਪਰਮਜੀਤ ਸਿੰਘ ਤੋਂ ਇਲਾਵਾਂ ਸਬੰਧਤ ਕਰਮਚਾਰੀ ਮੌਜੂਦ ਸਨ ।

# ਟਰੈਫਿਕ ਪੁਲਿਸ ਨੇ ਕੀਤੇ ਚਲਾਨ



**ਗਿੱਦੜਬਾਹਾ, 3 ਸਤੰਬਰ (ਕੁਲਭੂਸ਼ਨ ਗਰਗ)** - ਟਰੈਫਿਕ ਪੁਲਿਸ ਗਿੱਦੜਬਾਹਾ ਦੇ ਨਵਨਿਯੁਕਤ ਇੰਚਾਰਜ ਐੱਸ.ਆਈ. ਹਰਭਗਵਾਨ ਸਿੰਘ ਮਾਨ ਵੱਲੋਂ ਸ਼ਹਿਰ ਦੇ ਵੱਖ ਵੱਖ ਥਾਵਾਂ ਦੇ ਨਾਕਾਬੰਦੀ ਕਰਕੇ ਵਾਹਨਾਂ ਦੀ ਚੈਕਿੰਗ ਕੀਤੀ। ਇਸ ਸੰਬੰਧੀ ਹਰਭਗਵਾਨ ਸਿੰਘ ਮਾਨ ਨੇ ਦੱਸਿਆ ਕਿ ਅੱਜ ਬਿਨਾਂ ਲਾਇਸੈਂਸ, ਬਿਨਾਂ ਰਜਿਸਟਰੇਸ਼ਨ ਅਤੇ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਦੇ ਚੱਲਦਿਆਂ ਕਰੀਬ ਡੇਢ ਦਰਜਨ ਦੋਪਹੀਆ ਅਤੇ ਚਾਰ ਪਹੀਆਂ ਵਾਹਨਾ ਦੇ ਚਲਾਨ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਟਰੈਫਿਕ ਪੁਲਿਸ ਵੱਲੋਂ ਭਵਿੱਖ ਵਿਚ ਵੀ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਇਸੇ ਤਰ੍ਹਾਂ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਉਨ੍ਹਾਂ ਵਾਹਨ ਚਾਲਕਾਂ ਨੂੰ ਟਰੈਫਿਕ ਨਿਯਮਾਂ ਦੀ ਪਾਲਣਾ ਕਰਨ ਅਤੇ ਆਪਣੇ ਵਾਹਨ ਦੇ ਕਾਗਜਾਤ ਪੂਰੇ ਰੱਖਣ ਦੀ ਅਪੀਲ ਕੀਤੀ। ਇਸ ਮੌਕੇ ਏ.ਐੱਸ.ਆਈ. ਹਜ਼ੂਰ ਸਿੰਘ ਤੋਂ ਇਲਾਵਾ ਟਰੈਫਿਕ ਪੁਲਿਸ ਦੇ ਨਿਰਮਲ ਸਿੰਘ ਅਤੇ ਹਰਪ੍ਰੀਤ ਕੌਰ ਵੀ ਮੌਜੂਦ ਸਨ।

ਅਸੀਂ ਤੁਹਾਡੀ ਸੁਰੱਖਿਆ ਯਕੀਨੀ ਬਣਾਉਣ ਲਈ ਵਚਨਬੱਧ ਹਾਂ!

ਜ਼ਿਲ੍ਹਾ ਪ੍ਰਸ਼ਾਸਨ ਅਤੇ ਸੰਗਰੂਰ ਪੁਲਿਸ ਅਧਿਕਾਰੀ ਘੱਗਰ ਦਰਿਆ ਨਾਲ ਲੱਗਦੇ ਇਲਾਕਿਆਂ ਦਾ ਦੌਰਾ ਕਰਕੇ ਲੋਕਾਂ ਨਾਲ ਲਗਾਤਾਰ ਸੰਪਰਕ ਕਰ ਰਹੇ ਹਨ ਅਤੇ ਹਰ ਸੰਭਵ ਸਹਾਇਤਾ ਮੁਹੱਈਆ ਕਰਵਾ ਰਹੇ ਹਨ।

ਕਿਸੇ ਵੀ ਐਮਰਜੈਂਸੀ ਸਥਿਤੀ ਵਿੱਚ ਘਬਰਾਓ ਨਾ, ਸੰਪਰਕ ਕਰੋ: ਜ਼ਿਲ੍ਹਾ ਪ੍ਰਸ਼ਾਸਨ - 01672-234196

**ਫੋਟੋ ਅਤੇ ਵੇਰਵਾ ਸ਼ਰਮਾ ਪੱਤਰਕਾਰ ਸੰਗਰੂਰ।**



# 19 ਤੋਂ 23 ਸਤੰਬਰ ਤੱਕ ਧਾਰਮਿਕ ਸ਼ਰਧਾ ਨਾਲ ਮਨਾਇਆ ਜਾਵੇਗਾ ਬਾਬਾ ਸ਼ੇਖ ਫਰੀਦ ਆਗਮਨ ਪੁਰਬ

## ਪੰਜਾਬ ਵਿੱਚ ਹੜ੍ਹਾਂ ਦੀ ਸਥਿਤੀ ਕਾਰਨ ਬਾਬਾ ਸ਼ੇਖ ਫਰੀਦ ਆਗਮਨ ਪੁਰਬ ਤੇ ਸਿਰਫ ਧਾਰਮਿਕ ਸਮਾਗਮ ਹੋਣਗੇ -ਡੀ.ਸੀ

**ਫ਼ਰੀਦਕੋਟ, 3 ਸਤੰਬਰ (ਸਵਰਨ ਨਿਆਮੀਵਾਲਾ)** - ਪੰਜਾਬ ਵਿੱਚ ਹੜ੍ਹ ਕਾਰਨ ਪੈਦਾ ਹੋਈ ਸੰਕਟਮਈ ਸਥਿਤੀ ਨੂੰ ਧਿਆਨ ਵਿੱਚ ਰੱਖਦਿਆਂ ਇਸ ਵਾਰ ਬਾਬਾ ਸ਼ੇਖ ਫ਼ਰੀਦ ਆਗਮਨ ਪੁਰਬ 2025 ਸਿਰਫ਼ ਸਾਦਗੀ ਅਤੇ ਸ਼ਰਧਾ ਨਾਲ ਮਨਾਇਆ ਜਾਵੇਗਾ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਨੇ ਦਿੱਤੀ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਆਈ ਕੁਦਰਤੀ ਆਫ਼ਤ ਹੜ੍ਹਾਂ ਨਾਲ ਪੈਦਾ ਹੋਏ ਹਾਲਾਤਾਂ ਦੇ ਮੱਦੇਨਜ਼ਰ ਇਸ ਵਾਰ ਆਗਮਨ ਪੁਰਬ ਧਾਰਮਿਕ ਅਕੀਦੇ ਅਨੁਸਾਰ ਬਿਲਕੁਲ ਸਾਦੇ ਢੰਗ ਨਾਲ ਮਨਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਬਾਬਾ ਫਰੀਦ ਆਗਮਨ ਪੁਰਬ ਤੇ 19 ਤੋਂ 23 ਸਤੰਬਰ ਤੱਕ ਸਿਰਫ ਧਾਰਮਿਕ ਸਮਾਗਮ ਹੀ ਹੋਣਗੇ ਤੇ ਮਨੋਰੰਜਨ, ਸੱਭਿਆਚਾਰਕ ਵਾਲੇ ਸਮਾਗਮ ਨਹੀਂ ਹੋਣਗੇ।



ਉਨ੍ਹਾਂ ਕਿਹਾ ਕਿ ਜਿਲ੍ਹਾ ਕਲਚਰਲ ਸੁਸਾਇਟੀ ਵੱਲੋਂ ਇਸ ਵਾਰ ਦਾਣਾ ਮੰਡੀ ਫਿਰੋਜ਼ਪੁਰ ਰੋਡ ਵਿਖੇ 13 ਤੋਂ 23 ਸਤੰਬਰ ਤੱਕ ਲੱਗਣ ਵਾਲਾ ਕਰਾਫਟ ਮੇਲਾ ਨਹੀਂ ਹੋਵੇਗਾ। ਇਸ ਤੋਂ ਇਲਾਵਾ ਸੱਭਿਆਚਾਰਕ ਪ੍ਰੋਗਰਾਮ ਵੀ ਰੱਦ ਕਰ ਦਿੱਤੇ ਗਏ ਹਨ। ਡਿਪਟੀ ਕਮਿਸ਼ਨਰ ਨੇ ਸਮੂਹ ਸੰਸਥਾਵਾਂ, ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਮੁਸ਼ਕਲ ਘੜੀ ਵਿੱਚ ਇੱਕ-ਦੂਜੇ ਦਾ ਵੱਧ ਤੋਂ ਵੱਧ ਸਾਥ ਦੇਣ ਅਤੇ ਬਾਬਾ ਫ਼ਰੀਦ ਆਗਮਨ ਪੁਰਬ ਨੂੰ ਸਾਦਗੀ ਅਤੇ ਸ਼ਰਧਾ ਨਾਲ ਮਨਾਉਣ ਵਿੱਚ ਪ੍ਰਸ਼ਾਸਨ ਦਾ ਸਹਿਯੋਗ ਕਰਨ।

# ਸਰਕਾਰ ਦੇ ਨੁਮਾਇੰਦੇ ਹੜ੍ਹਾਂ ਦੀ ਮਾਰ ਝੱਲ ਰਹੇ ਲੋਕਾਂ ਲਈ ਰਾਹਤ ਦੇ ਤੌਰ ਤੇ ਵੱਡਾ ਐਲਾਨ ਕਰਨ, ਨਾ ਕਿ ਇਕੱਲੇ ਫੋਟੋ ਖਿਚਵਾਉਣ

## ਕੁੱਲ ਹਿੰਦ ਕਿਸਾਨ ਸਭਾ ਨੇ ਹੜ੍ਹਾਂ ਦੀ ਮੁਕੰਮਲ ਰੋਕਥਾਮ ਲਈ ਪੱਕਾ ਪ੍ਰਬੰਧ ਕਰਨ ਦੀ ਕੀਤੀ ਮੰਗ



**ਜਲਾਲਾਬਾਦ 3 ਸਤੰਬਰ (ਗਗਨ ਵਾਟਸ)** ਭਾਰੀ ਬਾਰਸ਼ਾਂ ਕਾਰਨ ਪੰਜਾਬ ਦੇ ਦਰਿਆਵਾਂ ਦੇ ਪਾਣੀਆਂ ਨਾਲ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਵਿੱਚ ਭਿਆਨਕ ਤਬਾਹੀ ਹੋਈ ਹੈ ਅਤੇ ਇਸ ਤਬਾਹੀ ਦੇ ਕਾਰਨ ਜ਼ਿਲ੍ਹਾ ਫਾਜ਼ਿਲਕਾ ਵਿੱਚ ਵੀ ਹਜ਼ਾਰਾਂ ਏਕੜ ਫ਼ਸਲ ਹੋ ਗਈ ਹੈ ਅਤੇ ਹਜ਼ਾਰਾਂ ਲੋਕ ਬੇਘਰ ਹੋ ਗਏ ਹਨ। ਅੱਜ ਕੁੱਲ ਹਿੰਦ ਕਿਸਾਨ ਸਭਾ ਵੱਲੋਂ ਸੂਬਾ ਆਗੂ ਕਾਮਰੇਡ ਸੁਰਿੰਦਰ ਢੰਡੀਆਂ ਅਤੇ ਕਾਮਰੇਡ ਹੰਸ ਰਾਜ ਗੋਲਡਨ ਦੀ ਅਗਵਾਈ ਵਿੱਚ ਵੱਡੀ ਗਿਣਤੀ ਵਿੱਚ ਸਾਥੀਆਂ ਨੇ ਬਾਰਡਰ ਪੱਟੀ ਤੇ ਪਿੰਡ ਆਤੂ ਵਾਲਾ ਅਤੇ ਢਾਣੀ ਨੱਥਾ ਸਿੰਘ ਕੋਲ ਪੈਂਦੇ ਦਰਿਆ ਦੇ ਪੁੱਲ ਤੇ ਪਹੁੰਚ ਕੇ ਪੀੜਤ ਲੋਕਾਂ ਨਾਲ ਆ ਰਹੀਆਂ ਸਮੱਸਿਆਵਾਂ ਦੇ ਸੰਬੰਧ ਵਿੱਚ ਗੱਲਬਾਤ ਕੀਤੀ। ਇਸ ਮੌਕੇ ਗੱਲਬਾਤ ਕਰਦਿਆਂ ਉਪਰੋਕਤ ਆਗੂਆਂ ਨੇ ਕਿਹਾ ਸਮੇਂ ਸਮੇਂ ਦੀਆਂ ਸਰਕਾਰਾਂ ਦੀਆਂ ਨਲਾਇਕੀਆਂ ਕਾਰਨ ਬਾਰਡਰ ਪੱਟੀ ਤੇ ਵੱਸਦੇ ਲੋਕਾਂ ਦਾ ਲਗਾਤਾਰ ਜਾਨੀ ਅਤੇ ਮਾਲੀ ਨੁਕਸਾਨ ਹੁੰਦਾ ਆ ਰਿਹਾ ਹੈ ਅਤੇ ਇਸ ਵਾਰ ਵੀ ਹੜ੍ਹਾਂ ਨੇ ਮਚਾਈ ਭਿਆਨਕ ਤਬਾਹੀ ਹੋਈ ਹੈ ਅਤੇ ਦਰਜਨਾਂ ਪਿੰਡਾਂ ਦੇ ਲੋਕ ਇਸ ਤਬਾਹੀ ਦਾ ਸ਼ਿਕਾਰ ਹੋਏ ਹਨ। ਆਗੂਆਂ ਨੇ ਅੱਗੇ ਗੱਲਬਾਤ ਦੌਰਾਨ ਕਿਹਾ ਕਿ ਸਰਕਾਰ ਹੜ੍ਹਾਂ ਮਾਰ ਝੱਲ ਰਹੇ ਲੋਕਾਂ ਦੀ ਰਾਹਤ ਲਈ ਫੌਰੀ ਤੌਰ ਤੇ ਵੱਡਾ ਐਲਾਨ ਕਰੇ ਤਾਂ ਜੋ ਇਹ ਲੋਕ ਆਪਣੇ ਮੁੜ ਆਪਣੇ ਪੈਰਾਂ ਭਾਰ ਹੋ ਸਕਣ। ਇਸ ਮੌਕੇ ਉਹਨਾਂ ਵੱਲੋਂ ਹੜ੍ਹਾਂ ਦੀ ਮੁਕੰਮਲ ਰੋਕਥਾਮ ਲਈ ਪੱਕਾ ਪ੍ਰਬੰਧ ਕਰਨ ਦੀ ਮੰਗ ਕੀਤੀ ਗਈ ਤਾਂ ਜੋ ਲਗਾਤਾਰ ਹੁੰਦੀ ਆ ਰਹੀ ਭਿਆਨਕ ਤਬਾਹੀ ਤੋਂ ਇਹਨਾਂ ਲੋਕਾਂ ਨੂੰ ਬਚਾਇਆ ਜਾ ਸਕੇ। ਇਸ ਮੌਕੇ ਹੋਰਨਾਂ ਇਲਾਵਾ ਕਿਸਾਨ ਆਗੂ ਕ੍ਰਿਸ਼ਨ ਧਰਮੂ ਵਾਲਾ, ਸੰਦੀਪ ਜੋਧਾ, ਸਰਬ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਸ਼ੁਬੇਗ ਝੰਗੜ ਭੈਣੀ, ਜ਼ਿਲ੍ਹਾ ਆਗੂ ਕੁਲਦੀਪ ਬੱਖੂ ਸ਼ਾਹ, ਗੁਰਦਿਆਲ ਢਾਬਾਂ ਆਦਿ ਹਾਜ਼ਰ ਸਨ।

# ਕੁਦਰਤੀ ਆਫਤ ਨਾਲ ਪ੍ਰਭਾਵਿਤ ਹੋਏ ਘਰਾਂ ਦੀ ਮਦਦ ਲਈ ਸਮਾਜ ਸੇਵੀ ਸੰਸਥਾਵਾਂ ਆਈਆਂ ਅੱਗੇ



**ਤਪਾ ਮੰਡੀ,03 ਸਤੰਬਰ (ਬੰਟੀ ਦੀਕਸ਼ਿਤ)**- ਭਾਰੀ ਮੀਂਹ ਕਾਰਨ ਇਲਾਕੇ ਵਿੱਚ ਕਈ ਘਰਾਂ ਜਿਨ੍ਹਾਂ 'ਚ ਬਾਜੀਗਰ ਬਸਤੀ,ਢਿੱਲਵਾ ਬਸਤੀ,ਰਾਮਪੁਰਾ ਬਸਤੀ ਅਤੇ ਰੌਲਕੀ ਪੱਤੀ,ਆਵਾ ਬਸਤੀ ਖੇਤਰ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ। ਰੌਲਕੀ ਪੱਤੀ ਵਿੱਚ ਹਰਬੰਸ ਕੌਰ ਨਾਮਕ ਮਹਿਲਾ ਜੋ ਆਪਣੇ ਤਿੰਨ ਬੇਟੀਆਂ ਨਾਲ ਰਹਿ ਰਹੀ ਸੀ,ਦਾ ਘਰ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਗਿਆ। ਮੀਂਹ ਕਾਰਣ ਉਨ੍ਹਾਂ ਦੇ ਘਰ ਦੀ ਛੱਤ ਡਿੱਗ ਗਈ। ਪਰਿਵਾਰ ਕੋਲ ਕੋਈ ਕਮਾਈ ਦਾ ਸਾਧਨ ਨਹੀਂ ਹੈ,ਜਿਸ ਕਾਰਨ ਉਹ ਗੰਭੀਰ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ।ਇਸ ਸੰਕਟ ਦੀ ਘੜੀ ਵਿੱਚ ਨਿੱਕਾ ਮੱਲ ਚੈਰੀਟੇਬਲ ਟਰੱਸਟ ਅੱਗੇ ਆਇਆ ਅਤੇ ਆਰਥਿਕ ਮਦਦ ਦੇ ਨਾਲ ਨਾਲ ਇੱਕ ਕਮਰੇ ਉੱਪਰ ਤਰਪਾਲ ਪਾ ਕੇ ਰਹਿਣ ਦਾ ਪੱਕਾ ਪ੍ਰਬੰਧ ਵੀ ਕੀਤਾ।ਇਸ ਤੋਂ ਇਲਾਵਾ ਹੁਣ ਤੱਕ 20 ਜ਼ਰੂਰਤਮੰਦ ਪਰਿਵਾਰਾਂ ਲਈ ਤਰਪਾਲਾਂ ਅਤੇ ਕਈ ਪਰਿਵਾਰਾਂ ਨੂੰ ਮੈਡੀਕਲ ਸੁਵਿਧਾਵਾਂ ਅਤੇ ਰਾਸ਼ਨ ਵੀ ਪ੍ਰਦਾਨ ਕੀਤਾ ਗਿਆ ਹੈ। ਟਰੱਸਟ ਵੱਲੋਂ ਹੋਰ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਨੂੰ ਵੀ ਅਪੀਲ ਕੀਤੀ ਗਈ ਹੈ ਕਿ ਉਹ ਅੱਗੇ ਆ ਕੇ ਗਰੀਬ ਤੇ ਪ੍ਰਭਾਵਿਤ ਪਰਿਵਾਰਾਂ ਦੀ ਸਹਾਇਤਾ ਕਰਨ। ਇਸ ਮੌਕੇ ਸਾਹਿਲ ਗਰਗ,ਕੋਚ ਰਾਮ ਨਾਮਧਾਰੀ, ਵਨੀਤ ਕੁਮਾਰ, ਰੋਹਿਤ ਰਾਈਆਂ, ਗੁਰਪ੍ਰੀਤ ਸਿੰਘ, ਸੋਨੂੰ ਸਿੰਘ, ਕੁਲਵੀਰ ਬਜਾਜ, ਬਲਵਿੰਦਰ ਬਜਾਜ, ਰੋਚੀ ਸਿੰਗਲਾ ਹਾਜ਼ਰ ਸਨ।

# ਡੀ.ਸੀ., ਐਸ.ਐਸ.ਪੀ. ਨੇ ਕੀਤਾ ਭਾਰੀ ਮੀਂਹ ਕਾਰਣ ਪ੍ਰਭਾਵਿਤ ਪਿੰਡਾਂ ਦਾ ਦੌਰਾ, ਰਾਹਤ ਕੈਂਪਾਂ 'ਚ ਰਹਿ ਰਹੇ ਲੋਕਾਂ ਨੂੰ ਮਿਲੇ

## ਲਗਾਤਾਰ ਮੀਂਹ ਕਾਰਨ ਅਸੁਰੱਖਿਅਤ ਇਮਾਰਤਾਂ ਵੇਖੀਆਂ, ਲੋਕਾਂ ਨੂੰ ਅਸੁਰੱਖਿਅਤ ਇਮਾਰਤਾਂ ਛੱਡ ਕੇ ਰਾਹਤ ਕੈਂਪਾਂ 'ਚ ਜਾਣ ਦੀ ਅਪੀਲ



**ਬਰਨਾਲਾ/ਮਹਿਲ ਕਲਾਂ, 3 ਸਤੰਬਰ (ਜਗਸੀਰ ਸਿੰਘ ਧਾਲੀਵਾਲ ਸਹਿਜੜਾ)**- ਟੀ ਬੈਨਿਥ, ਡਿਪਟੀ ਕਮਿਸ਼ਨਰ ਅਤੇ ਸਰਫ਼ਰਾਜ਼ ਆਲਮ, ਜ਼ਿਲ੍ਹਾ ਪੁਲਿਸ ਮੁਖੀ ਬਰਨਾਲਾ ਨੇ ਅੱਜ ਬਰਨਾਲਾ ਅਤੇ ਮਹਿਲ ਕਲਾਂ ਖੇਤਰ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕੀਤਾ ਜਿੱਥੇ ਭਾਰੀ ਮੀਂਹ ਕਾਰਨ ਇਮਾਰਤਾਂ, ਫਸਲਾਂ ਆਦਿ ਦਾ ਨੁਕਸਾਨ ਹੋਇਆ ਹੈ। ਨਾਲ ਹੀ ਉਨ੍ਹਾਂ ਨੇ ਇਨ੍ਹਾਂ ਪਿੰਡਾਂ 'ਚ ਸਥਾਪਤ ਕੀਤੇ ਰਾਹਤ ਕੈਂਪਾਂ ਦਾ ਦੌਰਾ ਕੀਤਾ ਉਨ੍ਹਾਂ ਪਿੰਡ ਰਾਏਸਰ ਪੰਜਾਬ, ਚੰਨਣਵਾਲ ਅਤੇ ਸਹੌਰ ਦਾ ਦੌਰਾ ਕੀਤਾ। ਇਨ੍ਹਾਂ ਪਿੰਡਾਂ 'ਚ ਲਗਾਤਾਰ ਪੈ ਰਹੇ ਮੀਂਹ ਕਾਰਨ ਅਸੁਰੱਖਿਅਤ ਹੋਈਆਂ ਇਮਾਰਤਾਂ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਅਸੁਰੱਖਿਅਤ ਥਾਂਵਾਂ 'ਚ ਨਾ ਬੈਠਣ ਅਤੇ ਆਪਣੇ ਪਿੰਡ ਦੇ ਸਰਪੰਚ ਅਤੇ ਪੰਚਾਇਤ ਸਕੱਤਰ ਨਾਲ ਰਾਬਤਾ ਕਰਕੇ ਪਿੰਡਾਂ 'ਚ ਬਣੇ ਰਾਹਤ ਕੈਂਪਾਂ 'ਚ ਸ਼ਿਫਟ ਹੋ ਜਾਣ। ਇਸ ਸਬੰਧੀ ਪਿੰਡਾਂ 'ਚ ਮੁਨਿਆਦੀ ਵੀ ਕਰਵਾਈ ਜਾ ਰਹੀ ਹੈ ਤਾਂ ਜੋ ਕੋਈ ਵੀ ਪਿੰਡ ਵਾਸੀ ਅਸੁਰੱਖਿਅਤ ਇਮਾਰਤ 'ਚ ਨਾ ਰਹੇ। ਉਨ੍ਹਾਂ ਪਿੰਡ ਚੰਨਣਵਾਲ ਦੇ ਸਰਕਾਰੀ ਸੀਨੀਅਰ ਸਕੂਲ ਵਿਖੇ ਬਣਾਏ ਗਏ ਰਾਹਤ ਕੈਂਪ ਦਾ ਦੌਰਾ ਕੀਤਾ ਅਤੇ ਕੈਂਪ 'ਚ ਰਹਿ ਰਹੇ ਪਿੰਡ ਵਾਸੀਆਂ ਨਾਲ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ਜਿਹੜੇ ਇਮਾਰਤਾਂ ਮੀਂਹ ਕਾਰਨ ਖ਼ਰਾਬ ਹੋ ਗਈਆਂ ਹਨ ਇਨ੍ਹਾਂ ਨੂੰ ਸਰਕਾਰ ਦੇ ਨਿਰਦੇਸ਼ਾਂ ਅਨੁ ਸਾਰ ਮੁਆਵਜ਼ਾ ਦਿੱਤਾ ਜਾਵੇਗਾ ਇਨ੍ਹਾਂ ਕੈਂਪਾਂ 'ਚ ਮੌਜੂਦ ਲੋਕਾਂ ਦਾ ਹਾਲ ਜਾਣਿਆ ਅਤੇ ਦੱਸਿਆ ਕਿ ਸਰਕਾਰ ਵੱਲੋਂ ਲੋਕਾਂ ਨੂੰ ਖਾਣ ਪੀਣ ਅਤੇ ਸਵਿਧਾ ਦਿੱਤੀ ਜਾ ਰਹੀ ਹੈ। ਇਸ ਮੌਕੇ ਉੱਪ ਮੰਡਲ ਮੈਜਿਸਟਰੇਟ ਬਰਨਾਲਾ ਮੈਡਮ ਸੋਨਮ, ਉੱਪ ਮੰਡਲ ਮੈਜਿਸਟਰੇਟ ਮਹਿਲ ਕਲਾਂ ਸ਼ਿਵਾਂਸ਼ ਰਾਠੀ ਅਤੇ ਹੋਰ ਅਫਸਰ ਮੌਜੂਦ ਸਨ।

**ਪੰਚਾਇਤਾਂ ਨੂੰ ਘਰ ਘਰ ਜਾ ਕੇ ਸਰਵੇ ਕਰਨ ਦੀ ਨਿਰਦੇਸ਼** - ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਬਰਨਾਲਾ ਦੀਆਂ ਪੰਚਾਇਤਾਂ ਨੂੰ ਆਪਣੇ ਆਪਣੇ ਹੇਠਾਂ ਆਉਂਦੇ ਪਿੰਡਾਂ ਦੇ ਘਰ ਘਰ ਜਾ ਕੇ ਸਰਵੇ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਨਿਰਦੇਸ਼ ਦਿੱਤੇ ਕਿ ਸਰਵੇ ਦੌਰਾਨ ਇਸ ਗੱਲ ਦਾ ਵਿਸ਼ੇਸ਼ ਖਿਆਲ ਰੱਖਿਆ ਜਾਵੇ ਕਿ ਕਿਸੇ ਵੀ ਅਸੁਰੱਖਿਅਤ ਇਮਾਰਤ ਚ ਕੋਈ ਵੀ ਪਿੰਡ ਵਾਸੀ ਨਾ ਰਹੇ ਅਤੇ ਇਸ ਤਰ੍ਹਾਂ ਇਮਾਰਤਾਂ ਤੋਂ ਲੋਕਾਂ ਨੂੰ ਕੈਂਪਾਂ ਚ ਸ਼ਿਫਟ ਕੀਤਾ ਜਾਵੇ। ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਅਸੁਰੱਖਿਅਤ ਘਰ ਤੁਰਤ ਛੱਡ ਕੇ ਕੈਂਪਾਂ ਚ ਪੁੱਜਣ।

# ਪਿੰਡ ਘੁੰਨਸ ਦੇ ਡੇਰਾ ਸੰਤ ਬਾਬਾ ਅਮਰਦਾਸ ਵਿਖੇ ਗੁੰਬਦ ਦੀ ਨੀਂਹ ਰੱਖੀ



**ਤਪਾ ਮੰਡੀ, 3 ਸਤੰਬਰ (ਅਰੁਣ ਗੋਇਲ)** ਨਜ਼ਦੀਕੀ ਪਿੰਡ ਘੁੰਨਸ ਦੇ ਡੇਰਾ ਸ਼੍ਰੀ ਸ੍ਰੀ 108 ਸਿੱਧ ਸੰਤ ਬਾਬਾ ਅਮਰਦਾਸ ਵਿਖੇ ਡੇਰਾ ਸੰਚਾਲਕ ਸੰਤ ਬਾਬਾ ਪੂਰਨ ਦਾਸ ਜੀ ਵਲੋਂ ਜਗਤਗੁਰੂ ਬਾਬਾ ਸ੍ਰੀ ਚੰਦ ਮਹਾਰਾਜ ਜੀ ਦੇ ਪ੍ਰਕਾਸ਼ ਉਤਸਵ ਮੌਕੇ ਮਹਾਨ ਸ਼ਕਤੀ ਦੇ ਮਾਲਕ ਅਤੇ ਤਪੱਸਵੀ ਸੰਤ ਬਾਬਾ ਅਮਰਦਾਸ ਦੇ ਅੰਗੀਠਾ ਸਾਹਿਬ ਦੇ ਗੁੰਬਦ ਦੀ ਨੀਂਹ ਰੱਖੀ। ਇਸ ਧਾਰਮਿਕ ਸਮਾਗਮ ਮੌਕੇ ਸਮੁੱਚੀ ਸੰਗਤ ਨੇ ਵੱਡੀ ਗਿਣਤੀ ਸਮੂਲੀਅਤ ਕੀਤੀ ਅਤੇ ਬਾਬਾ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਸਰਪੰਚ ਬੇਅੰਤ ਸਿੰਘ ਬੰਤੀ, ਪੰਚ ਮਨਪ੍ਰੀਤ ਸਿੰਘ, ਜੋਗਿੰਦਰ ਸਿੰਘ, ਚਮਕੌਰ ਸਿੰਘ, ਜਗਸੀਰ ਸਿੰਘ, ਬਲਦੇਵ ਸਿੰਘ, ਗੁਰਤੇਜ ਸਿੰਘ ਤੋਂ ਇਲਾਵਾ ਸੁਸਾਇਟੀ ਪ੍ਰਧਾਨ ਦੇ ਦੇਸ ਸਿੰਘ,ਜਸਵੀਰ ਸਿੰਘ,ਗੁਰਮੀਤ ਸਿੰਘ, ਗਿਆਨੀ ਬਲਬੀਰ ਸਿੰਘ, ਚਮਕੌਰ ਸਿੰਘ ਸਿਵੀਆ, ਹਰਦੇਵ ਮਿਸਤਰੀ, ਜਗਦੀਸ਼ ਰਾਏ ਘੁੰਨਸ, ਵਿਜੇ ਘੁੰਨਸ,ਰਾਮ ਕੁਮਾਰ ਘੁੰਨਸ, ਭੂਸ਼ਣ ਰੂੜੇਕੇ ਲਛਮਨ ਸਿੰਘ ਲਾਣੇ ਵਾਲਾ ਵੈਦ ਠੰਡੂ ਰਾਮ,ਡਾ:ਰਾਜ ਸਿੰਘ,ਡਾ: ਸੂਬਾ ਸਿੰਘ, ਲਖਬੀਰ ਸਿੰਘ, ਰਾਜਪਾਲ ਆਦਿ ਸਮੂਹ ਨਗਰ ਵਾਸੀ ਹਾਜ਼ਰ ਸਨ।

# ਚੈਕ ਡਿਸਆਨਰ ਮਾਮਲੇ 'ਚ ਇੱਕ ਸਾਲ ਦੀ ਕੈਦ ਤੇ ਜੁਰਮਾਨਾ

**ਤਪਾ ਮੰਡੀ,3 ਸਤੰਬਰ (ਅਰੁਣ ਗੋਇਲ)** ਮਾਨਯੋਗ ਅਦਾਲਤ ਸੁਧੀਰ ਕੁਮਾਰ,ਪੀ.ਸੀ.ਐਸ ਜੇ.ਐਮ.ਆਈ ਫਸਟ ਬਰਨਾਲਾ ਵਲੋਂ ਰੋਹਿਤ ਕੁਮਾਰ ਵਾਸੀ ਢਿਲਵਾਂ ਰੋਡ ਤਪਾ ਹਾਲ ਆਬਾਦ ਬਰਨਾਲਾ ਨੂੰ ਚੈਕ ਡਿਸਆਨਰ ਦੇ ਇੱਕ ਕੇਸ' ਚ ਇੱਕ ਸਾਲ ਦੀ ਸਖਤ ਸਜਾ ਤੇ 1,00,000/-ਰੁਪਏ ਬਤੌਰ ਹਰਜਾਨਾ ਸ਼ਿਕਾਇਤਕਰਤਾ ਨੂੰ ਦੇਣ ਦਾ ਹੁਕਮ ਸੁਣਾਇਆ। ਜਾਣਕਾਰੀ ਦਿੰਦੇ ਹੋਏ ਐਡਵੋਕੇਟ ਲਾਲ ਬਿਹਾਰੀ ਯਾਦਵ ਨੇ ਦੱਸਿਆ ਕਿ ਸ਼ਿਕਾਇਤ ਕਰਤਾ ਕੁਲਵੰਤ ਸਿੰਘ ਪੁੱਤਰ ਬਾਬੂ ਸਿੰਘ ਵਾਸੀ ਘੁੰਨਸ ਤੋਂ ਰੋਹਿਤ ਕੁਮਾਰ ਤਪਾ ਨੇ 21,200/- ਰੁਪਏ ਰਕਮ ਉਧਾਰ ਲਈ ਅਤੇ ਇਹ ਰਕਮ ਵਾਪਸ ਕਰਨ ਦੀ ਇਵਜ ਵਿਚ 21,200/-ਰੁਪਏ ਦਾ ਚੈਕ ਜਾਰੀ ਕਰ ਦਿੱਤਾ, ਜੋ ਡਿਸਆਨਰ ਹੋ ਗਿਆ ਅਤੇ ਦੋਸ਼ੀ ਰਕਮ ਦੇਣ ਵਿਚ ਹਮੇਸ਼ਾ ਹੀ ਨਾ ਨੁਕਰ ਕਰਦਾ ਰਿਹਾ ਤਾਂ ਕੁਲਵੰਤ ਸਿੰਘ ਨੇ ਆਪਣੇ ਵਕੀਲ ਐਲ.ਬੀ ਯਾਦਵ ਤਪਾ ਰਾਂਹੀ ਬਰਨਾਲਾ ਦੀ ਮਾਨਯੋਗ ਅਦਾਲਤ ਵਿਚ ਕੇਸ ਦਰਜ ਕਰਵਾਇਆ, ਟਰਾਇਲ ਚਲਣ ਤੋ ਬਾਅਦ ਜੱਜ ਸ੍ਰੀ ਸੁਧੀਰ ਕੁਮਾਰ,ਪੀ.ਸੀ.ਐਸ.ਜੇ.ਐਮ.ਆਈ ਫਸਟ ਬਰਨਾਲਾ ਵੱਲੋ ਦੋਹਾ ਧਿਰਾਂ ਦੇ ਵਕੀਲਾਂ ਦੀ ਬਹਿਸ ਸੁਣੀ ਅਤੇ ਐਡਵੋਕੇਟ ਲਾਲ ਬਿਹਾਰੀ ਯਾਦਵ ਤਪਾ ਦੀਆਂ ਦਲੀਲਾਂ ਨਾਲ ਸਹਿਮਤ ਹੁੰਦੇ ਹੋਏ ਰੋਹਿਤ ਕੁਮਾਰ ਨੂੰ ਦੋਸ਼ੀ ਕਰਾਰ ਦਿੱਤਾ ਅਤੇ ਦੋਸ਼ੀ ਨੂੰ ਇੱਕ ਸਾਲ ਦੀ ਸਜਾ ਅਤੇ ਬਤੌਰ ਹਰਜਾਨਾ 1,00,000/-ਰੁਪਏ ਸ਼ਿਕਾਇਤ ਕਰਤਾ ਨੂੰ ਅਦਾ ਕਰਨ ਦਾ ਹੁਕਮ ਸੁਣਾਇਆ।

# ਦਿਵਿਯਾ ਜਿਓਤੀ ਜਾਗ੍ਰਿਤੀ ਸੰਸਥਾਨ ਵੱਲੋਂ ਦੁਖਭੰਜਨ ਹਨੂੰਮਾਨ ਮੰਦਰ ਵਿਖੇ ਕੀਰਤਨ



**ਗਿੱਦੜਬਾਹਾ, 3 ਸਤੰਬਰ (ਕੁਲਭੂਸ਼ਨ ਗਰਗ)** – ਦਿਵਿਯਾ ਜਿਓਤੀ ਜਾਗ੍ਰਿਤੀ ਸੰਸਥਾਨ ਵੱਲੋਂ ਦੁਖਭੰਜਨ ਹਨੂੰਮਾਨ ਮੰਦਰ ਸੁਭਾਸ਼ ਨਗਰ ਗਿੱਦੜਬਾਹਾ ਵਿਖੇ ਬੀਤੀ ਰਾਤ ਕੀਰਤਨ ਦਾ ਆਯੋਜਨ ਕੀਤਾ ਗਿਆ। ਇਹ ਕੀਰਤਨ ਪੁਰਾਣਾ ਸੱਟਾ ਬਾਜ਼ਾਰ, ਗਿੱਦੜਬਾਹਾ ਵਿੱਚ 16 ਤੋਂ 20 ਸਤੰਬਰ ਤੱਕ ਸ਼ਾਮ 7 ਤੋਂ ਰਾਤ 9 ਵਜੇ ਤੱਕ ਪੰਜ ਦਿਨਾਂ ਤਕ ਹੋਣ ਵਾਲੀ ਸ਼੍ਰੀ ਰਾਮ ਕਥਾ ਦੇ ਪ੍ਰਚਾਰ ਪ੍ਰਸਾਰ ਲਈ ਆਯੋਜਿਤ ਕੀਤਾ ਗਿਆ। ਇਸ ਮੌਕੇ ਸੰਸਥਾਨ ਦੇ ਪ੍ਰਵਕਤਾ ਆਸ਼ੁਤੋਸ਼ ਮਹਾਰਾਜ ਜੀ ਦੀ ਸ਼ਿਸ਼ਿਆ ਸਾਧਵੀ ਕਿਰਣ ਭਾਰਤੀ ਨੇ ਕਿਹਾ ਕਿ ਜਦੋਂ ਅਸੀਂ ਬ੍ਰਹਮ ਗਿਆਨ ਦੀ ਸ਼ਾਸ਼ਵਤ ਵਿਧੀ ਰਾਹੀਂ ਆਪਣੇ ਅੰਦਰ ਵਿਆਪਕ ਪ੍ਰਭੂ ਨੂੰ ਪਛਾਣਦੇ ਹਾਂ, ਤਾਂ ਸਾਨੂੰ ਵਿਵੇਕ ਦੀ ਸ਼ਕਤੀ ਪ੍ਰਾਪਤ ਹੁੰਦੀ ਹੈ ਅਤੇ ਅਸੀਂ ਭਗਵਾਨ ਸ਼੍ਰੀ ਰਾਮ ਜੀ ਵੱਲੋਂ ਦਰਸਾਏ ਗਏ ਦਿਵਿਯਾ ਮਾਰਗ 'ਤੇ ਚੱਲ ਸਕਦੇ ਹਾਂ। ਉਨ੍ਹਾਂ ਕਿਹਾ ਕਿ ਜਦੋਂ ਇੱਕ ਸੱਚਾ ਸਾਧਕ ਸਮੇਂ ਦੇ ਪੂਰਨ ਸਤਿਗੁਰੂ ਦੇ ਚਰਨਾਂ ਵਿੱਚ ਪਹੁੰਚਦਾ ਹੈ, ਤਾਂ ਉਹ ਸਾਧਕ ਦੀ ਤੀਜੀ ਅੱਖ ਖੋਲ੍ਹ ਦਿੰਦੇ ਹਨ ਅਤੇ ਓਸੇ ਪਲ ਸਾਧਕ ਨੂੰ ਆਪਣੇ ਅੰਦਰ ਪਰਮਾਤਮਾ ਦਾ ਅਨੁਭਵ ਹੋ ਜਾਂਦਾ ਹੈ। ਬ੍ਰਹਮ ਗਿਆਨ ਮਿਲਣ ਤੋਂ ਬਾਅਦ, ਵਿਅਕਤੀ ਮੁਸ਼ਕਲਾਂ ਦੇ ਡਰ ਤੋਂ ਉੱਪਰ ਚਲਾ ਜਾਂਦਾ ਹੈ ਅਤੇ ਅੰਦਰੋਂ ਐਸਾ ਦ੍ਰਿੜਤਾ ਭਰਪੂਰ ਜੀਵਨ ਵਿਕਸਤ ਕਰ ਲੈਂਦਾ ਹੈ, ਜਿਵੇਂ ਭਗਵਾਨ ਸ਼੍ਰੀ ਰਾਮ ਨੇ ਆਪਣੇ ਜੀਵਨ ਦੇ ਹਰ ਪੱਖ 'ਚ ਦਰਸਾਈ। ਇਸ ਮੌਕੇ ਸਵਾਮੀ ਗਿਆਨੇਸ਼ਾਨੰਦ, ਸੰਦੀਪ ਕੁਮਾਰ, ਪ੍ਰਦੀਪ ਕੁਮਾਰ, ਸੁਭਾਸ਼ ਨਾਗਪਾਲ ਅਤੇ ਮਹਿਲਾ ਮੰਡਲ ਦੀ ਮੈਂਬਰਜ਼ ਵੀ ਮੌਜੂਦ ਸਨ।

# ਇੱਕ ਰੋਜ਼ਾ ਸੁੰਦਰ ਲਿਖਾਈ ਸਿਖਲਾਈ ਕੈਂਪ ਆਯੋਜਿਤ



**ਗਿੱਦੜਬਾਹਾ, 3 ਸਤੰਬਰ (ਕੁਲਭੂਸ਼ਨ ਗਰਗ)** – ਸਥਾਨਕ ਐੱਮਐੱਮਡੀ ਡੀਏਵੀ ਕਾਲਜ ਵਿਖੇ ਯੁਵਕ ਭਲਾਈ ਅਤੇ ਪੀਜੀ ਪੰਜਾਬੀ ਵਿਭਾਗ ਵੱਲੋਂ ਇੱਕ ਰੋਜ਼ਾ ਸੁੰਦਰ ਲਿਖਾਈ ਸਿਖਲਾਈ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਕਾਲਜ ਦੇ ਪ੍ਰਿੰ. ਰਾਜੇਸ਼ ਮਹਾਜਨ ਨੇ ਮੁੱਖ ਮਹਿਮਾਨ ਅੱਖਰਕਾਰ ਬਿਸੰਬਰ ਸਾਮਾ ਦਾ ਸਵਾਗਤ ਕਰਦਿਆਂ ਵਿਦਿਆਰਥੀਆਂ ਨੂੰ ਸੁੰਦਰ ਲਿਖਾਈ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਬਿਸੰਬਰ ਸਾਮਾ ਨੇ ਆਪਣੇ ਤਜਰਬਿਆਂ ਦੇ ਆਧਾਰ'ਤੇ ਵਿਦਿਆਰਥੀਆਂ ਨੂੰ ਸੁੰਦਰ ਲਿਖਾਈ ਦੇ ਵੱਖ ਵੱਖ ਨੁਕਤਿਆਂ ਤੋਂ ਜਾਣੂ ਕਰਵਾਇਆ ਅਤੇ ਸਾਹਿਤ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਪੰਜਾਬੀ ਵਿਭਾਗ ਦੇ ਮੁਖੀ ਡਾ. ਚੰਦਰ ਪ੍ਰਕਾਸ਼ ਨੇ ਕਿਹਾ ਕਿ ਅੱਖਰ ਦੀ ਸੁੰਦਰ ਬਣਾਵਟ ਸਿਰਜਣਕਾਰੀ 'ਚ ਮੁੱਲਵਾਨ ਵਾਧਾ ਕਰਦੀ ਹੈ, ਜੀਵਨ 'ਚ ਸਹਿਜਤਾ ਲਿਆਉਂਦੀ ਹੈ। ਸਮਾਗਮ ਦੇ ਸਮਾਪਨ ਮੌਕੇ ਹੋਣਹਾਰ ਵਿਦਿਆਰਥੀਆਂ ਅਤੇ ਸਿਖਲਾਈਕਰਤਾ ਨੂੰ ਉਚੇਚੇ ਰੂਪ ਵਿਚ ਚ ਸਨਮਾਨਿਤ ਕੀਤਾ ਗਿਆ, ਜਦੋਂਕਿ ਕਾਲਜ ਦੇ ਚੇਅਰਮੈਨ ਰਘੁਵੀਰ ਸਿੰਘ ਪ੍ਰਧਾਨ ਵੱਲੋਂ ਆਪਣਾ ਸ਼ੁਭ ਕਾਮਨਾਵਾਂ ਸੰਦੇਸ਼ ਭੇਜਿਆ ਗਿਆ। ਸਮਾਗਮ ਦੀ ਸਫ਼ਲਤਾ ਵਿਚ ਵੰਦਨਾ ਗਰਗ, ਸਰਿਤਾ ਰਾਣੀ, ਸਰਬਜੀਤ ਕੌਰ, ਸੁਖਪ੍ਰੀਤ ਕੌਰ, ਅਰਸ਼ਦੀਪ ਤੋਂ ਇਲਾਵਾ ਵਿਦਿਆਰਥੀ ਹਰਪ੍ਰੀਤ ਸਿੰਘ, ਆਕਾਸ਼ ਕੁਮਾਰ ਦਾ ਵਿਸ਼ੇਸ਼ ਯੋਗਦਾਨ ਰਿਹਾ।

# ਆਮ ਆਦਮੀ ਪਾਰਟੀ ਨੇ ਟਰੇਡ ਵਿੰਗ ਦੇ ਅਹੁਦੇਦਾਰਾਂ ਦਾ ਕੀਤਾ ਐਲਾਨ

## ਚੇਅਰਮੈਨ ਨੇ ਨਵ-ਨਿਯੁਕਤ ਹਲਕਾ ਕੋਆਰਡੀਨੇਟਰਾਂ ਦਾ ਮੂੰਹ ਮਿੱਠਾ ਕਰਵਾ ਕੇ ਦਿੱਤੀ ਵਧਾਈ ਅਤੇ ਕੀਤਾ ਸਨਮਾਨਤ



**ਕੋਟਕਪੂਰਾ, 3 ਸਤੰਬਰ (ਟਿੰਕੂ ਕੁਮਾਰ)** :- ਆਮ ਆਦਮੀ ਪਾਰਟੀ ਵੱਲੋਂ ਆਪਣੇ ਟਰੇਡ ਵਿੰਗ ਵਿੱਚ ਵਿਸਤਾਰ ਕਰਦਿਆਂ ਰਵਿੰਦਰ ਗੋਇਲ ਨੂੰ ਟਰੇਡ ਵਿੰਗ ਹਲਕਾ ਕੋਟਕਪੂਰਾ ਇੰਚਾਰਜ, ਪ੍ਰੇਮ ਕੁਮਾਰ ਸ਼ਰਮਾ ਨੂੰ ਫਰੀਦਕੋਟ, ਗੋਪਾਲ ਕ੍ਰਿਸ਼ਨ ਸ਼ੈਲੀ ਨੂੰ ਜੈਤੋ ਤੋਂ ਹਲਕਾ ਇੰਚਾਰਜ ਨਿਯੁਕਤ ਕੀਤਾ ਹੈ। ਅੱਜ ਮਾਰਕਿਟ ਕਮੇਟੀ ਕੋਟਕਪੂਰਾ ਦੇ ਦਫਤਰ ਵਿਖੇ ਚੇਅਰਮੈਨ ਗੁਰਮੀਤ ਸਿੰਘ ਆਰੇਵਾਲਾ ਜਿਲਾ ਪ੍ਰਧਾਨ ਟਰੇਡ ਨੇ ਤਿੰਨੋਂ ਹਲਕਾ ਇੰਚਾਰਜਾਂ ਸਮੇਤ ਹਲਕਾ ਕੋਆਰਡੀਨੇਟਰ ਵਜੋਂ ਸੇਵਾਵਾਂ ਨਿਭਾਅ ਰਹੀ ਦੀਪਕ ਰਾਣੀ ਸ਼ਾਰਦਾ ਦਾ ਹਾਰ ਪਾ ਕੇ ਮੂੰਹ ਮਿੱਠਾ ਕਰਵਾ ਕੇ ਵਧਾਈ ਦਿੱਤੀ। ਇਸ ਮੌਕੇ ਉਹਨਾਂ ਨਿਯੁਕਤੀ 'ਤੇ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ, ਸਪੀਕਰ ਕੁਲਤਾਰ ਸਿੰਘ ਸੰਧਵਾਂ ਆਦਿ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਉਹ ਪਾਰਟੀ ਵੱਲੋਂ ਦਿੱਤੀ ਡਿਊਟੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ ਅਤੇ ਪਾਰਟੀ ਦੇ ਪ੍ਰਚਾਰ ਲਈ ਦਿਨ-ਰਾਤ ਮਿਹਨਤ ਕਰਨਗੇ। ਇਸ ਮੌਕੇ ਨਵ ਨਿਯੁਕਤ ਅਹੁਦੇਦਾਰਾਂ ਨੇ ਸਾਰੇ ਵਪਾਰੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਕਿਸੇ ਵੀ ਵਪਾਰੀ ਨੂੰ ਕਿਸੇ ਤਰ੍ਹਾਂ ਦੀ ਕੋਈ ਤਕਲੀਫ ਨਹੀਂ ਆਉਣ ਦਿੱਤੀ ਜਾਵੇਗੀ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਹਰ ਵਰਗ ਦੇ ਲੋਕਾਂ ਨੂੰ ਨਾਲ ਲੈ ਕੇ ਚੱਲ ਰਹੀ ਹੈ ਅਤੇ ਸੂਬੇ ਦੀ ਤਰੱਕੀ 'ਚ ਵਪਾਰੀਆਂ ਦਾ ਵੀ ਵੱਡਾ ਯੋਗਦਾਨ ਹੈ। ਟਰੇਡ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਆਰੇਵਾਲਾ ਨੇ ਆਖਿਆ ਕਿ ਪੰਜਾਬ ਸਰਕਾਰ ਹਰ ਵਿੰਗ ਦੇ ਟਰੇਡਾਂ, ਦੁਕਾਨਦਾਰਾਂ ਵਪਾਰੀਆਂ ਨੂੰ ਸਹੂਲਤਾਵਾਂ ਦੇਣ ਲਈ ਵਚਨਬੱਧ ਹੈ ਅਤੇ ਸਮੇਂ-ਸਮੇਂ 'ਤੇ ਵਪਾਰੀਆਂ ਨੂੰ ਆ ਰਹੀਆਂ ਸਮੱਸਿਆਵਾਂ, ਕਾਰੋਬਾਰ ਵਿੱਚ ਮੁਸ਼ਕਿਲਾਂ ਨੂੰ ਫੌਰੀ ਹੱਲ ਕਰਵਾਉਣ ਲਈ ਵੱਡੇ ਯਤਨ ਕੀਤੇ ਜਾ ਰਹੇ ਹਨ। ਇਸ ਮੌਕੇ ਹੋਰਨਾ ਤੋਂ ਇਲਾਵਾ ਮੇਹਰ ਸਿੰਘ ਚੰਨੀ, ਮਨਜੀਤ ਸ਼ਰਮਾ ਅਤੇ ਓਮ ਪ੍ਰਕਾਸ਼ ਸ਼ਰਮਾ ਆਦਿ ਵੀ ਹਾਜਰ ਸਨ।

# ਕੰਟਰੋਲ ਰੂਮ ਮਹਿਲ ਕਲਾਂ ਬਿਪਤਾ ਦੀ ਘੜੀ 'ਚ ਪੀੜਤ ਲੋਕਾਂ ਨੂੰ ਸਹਾਇਤਾ ਦੇਣ 'ਚ ਫੇਲ੍ਹ ਸਾਬਤ ਹੋਇਆ-ਜਸਵੀਰ ਸਿੰਘ ਖੇੜੀ



**ਮਹਿਲ ਕਲਾਂ, 3 ਸਤੰਬਰ (ਜਗਸੀਰ ਸਿੰਘ ਧਾਲੀਵਾਲ ਸਹਿਜੜਾ)**- ਪੰਜਾਬ ਸਰਕਾਰ ਵਲੋਂ ਹੜ੍ਹ ਪੀੜਤ ਪਰਿਵਾਰਾਂ ਦੀ ਮਦਦ ਲਈ ਬਣਾਏ ਇਲਾਕਾ ਵਾਰ ਕੰਟਰੋਲ ਰੂਮ ਸਿਰਫ਼ ਝੂਠੀ ਬਿਆਨਬਾਜ਼ੀ ਤੋਂ ਸਿਵਾਏ ਕੱਖ ਵੀ ਨਹੀਂ ਹਨ। ਇਹ ਪ੍ਰਗਟਾਵਾ ਕਾਂਗਰਸ ਦੇ ਸੀਨੀਅਰ ਆਗੂ ਐਡਵੋਕੇਟ ਜਸਵੀਰ ਸਿੰਘ ਖੇੜੀ ਨੇ ਬੀ.ਡੀ.ਪੀ.ਓ. ਕੰਪਲੈਕਸ ਮਹਿਲ ਕਲਾਂ 'ਚ ਬਣਾਏ ਗਏ ਕੰਟਰੋਲ ਰੂਮ 'ਚ ਤਰਪਾਲਾਂ ਲੈਣ ਆਏ ਪੀੜਤ ਮਜ਼ਦੂਰਾਂ ਦਾ ਦੁੱਖ ਸੁਣਨ ਉਪਰੰਤ ਕੀਤਾ। ਉਨ੍ਹਾਂ ਕਿਹਾ ਕਿ ਲਗਾਤਾਰ ਮੀਂਹ ਪੈਣ ਨਾਲ ਕੁੱਝ ਮਜ਼ਦੂਰਾਂ ਦੇ ਘਰ ਢਹਿ ਗਏ, ਕੁੱਝ ਚੋਅ ਰਹੇ ਹਨ। ਇਸ ਬਿਪਤਾ ਮਾਰੇ ਲੋਕਾਂ ਲਈ ਸਰਕਾਰ ਵਲੋਂ ਰਾਸ਼ਨ ਅਤੇ ਤਰਪਾਲਾਂ ਦਾ ਪ੍ਰਬੰਧ ਕੀਤੇ ਜਾਣ ਦੇ ਕੀਤੇ ਜਾ ਰਹੇ ਦਾਅਵੇ ਅਸਲੀਅਤ ਤੋਂ ਕੋਹਾਂ ਦੂਰ ਹਨ। ਐਡਵੋਕੇਟ ਖੇੜੀ ਨੇ ਕਿਹਾ ਕਿ ਹੜ੍ਹ ਪੀੜਤ ਲੋਕਾਂ ਨੂੰ ਬਿਪਤਾ ਮੌਕੇ ਲੋੜੀਂਦੀ ਮਦਦ ਦੇਣ 'ਚ ਪੰਜਾਬ ਸਰਕਾਰ ਬਿਲਕੁਲ ਫ਼ੇਲ੍ਹ ਸਾਬਤ ਹੋ ਕੇ ਰਹਿ ਗਈ ਹੈ। ਪੀੜਤ ਗ਼ਰੀਬ ਵਿਚਾਰੇ ਦਫ਼ਤਰਾਂ ਦੇ ਚੱਕਰ ਕੱਟ ਰਹੇ ਹਨ। ਇਸ ਮੌਕੇ ਪੀੜਤ ਮਜ਼ਦੂਰਾਂ ਨੇ ਕਿਹਾ ਕਿ ਉਨ੍ਹਾਂ ਜਦੋਂ ਕੰਟਰੋਲ ਰੂਮ 'ਤੇ ਤਰਪਾਲਾਂ ਲੈਣ ਲਈ ਪਹੁੰਚੇ ਤਾਂ ਕੋਈ ਵੀ ਅਧਿਕਾਰੀ ਨਹੀਂ ਮਿਲਿਆ ਤੇ ਜਦੋਂ ਕੰਟਰੋਲ ਰੂਮ ਦੇ ਲਿਖੇ ਫ਼ੋਨ ਨੰਬਰ 'ਤੇ ਸੰਪਰਕ ਕਰ ਕੇ ਤਰਪਾਲਾਂ ਦੀ ਮੰਗ ਕੀਤੀ ਤਾਂ ਅੱਗੋਂ ਜਵਾਬ ਮਿਲਿਆ ਕਿ ਉਨ੍ਹਾਂ ਕੋਲ ਕੋਈ ਤਰਪਾਲਾਂ ਨਹੀਂ ਹਨ। ਉਨ੍ਹਾਂ ਦਾ ਤਾਂ ਆਪਣਾ ਦਫ਼ਤਰ ਵੀ ਮੀਂਹ ਨਾਲ ਚੋਅ ਰਿਹਾ ਹੈ। ਗ਼ਰੀਬ ਮਜ਼ਦੂਰ ਪਰਿਵਾਰਾਂ ਦਾ ਕਹਿਣਾ ਹੈ ਕਿ ਇਸ ਬਿਪਤਾ ਦੀ ਘੜੀ 'ਚ ਸਰਕਾਰ ਦੇ ਕਿਸੇ ਵੀ ਨੁਮਾਇੰਦੇ ਨੇ ਪੀੜਤਾਂ ਦੀ ਬਾਂਹ ਨਹੀਂ ਫੜੀ। ਐਡਵੋਕੇਟ ਖੇੜੀ ਨੇ ਦੁਕਾਨਦਾਰਾਂ ਵਲੋਂ ਤਰਪਾਲਾਂ ਦੇ ਰੇਟ ਵੱਧ ਵਸੂਲ ਕੀਤੇ ਜਾਣ ਦੀ ਨਿੰਦਾ ਕਰਦਿਆਂ ਇਸ ਸਬੰਧੀ ਡੀ.ਸੀ. ਬਰਨਾਲਾ ਤੋਂ ਤੁਰੰਤ ਧਿਆਨ ਦੀ ਮੰਗ ਕੀਤੀ। ਇਸ ਮੌਕੇ ਪ੍ਰਧਾਨ ਸਤਵੰਤ ਸਿੰਘ ਚੁਹਾਣਕੇ, ਦਰਸ਼ਨ ਸਿੰਘ ਧਾਲੀਵਾਲ, ਹਰਦੀਪ ਸਿੰਘ, ਮਹਿਤਾਬ ਸਿੰਘ, ਗੁਰਮੇਲ ਸਿੰਘ, ਜਸਵਿੰਦਰ ਸਿੰਘ, ਕੁਲਦੀਪ ਸਿੰਘ ਕਲਾਲ ਮਾਜਰਾ ਆਦਿ ਹਾਜ਼ਰ ਸਨ।

# 8 ਸਤੰਬਰ ਤੱਕ ਮਨਾਇਆ ਜਾ ਰਿਹੈ ਅੱਖਾਂ ਦਾਨ ਕਰਨ ਬਾਰੇ ਜਾਗਰੂਕਤਾ ਲਈ ਕੌਮੀ ਪੰਦਰਵਾੜਾ- ਡਾ. ਕੰਵਲਜੀਤ ਸਿੰਘ ਬਾਜਵਾ

- ❋ ਅੱਖਾਂ ਦਾਨ ਕਰਕੇ ਕਿਸੇ ਵਿਅਕਤੀ ਨੂੰ ਦਿੱਤੀ ਜਾ ਸਕਦੀ ਹੈ ਨਵੀਂ ਜ਼ਿੰਦਗੀ- ਜਸਪਾਲ ਸਿੰਘ ਜਟਾਣਾ
- ❋ ਐਸ.ਡੀ.ਐਚ. ਤਪਾ ਵਿਖੇ ਜਾਗਰੂਕਤਾ ਪੋਸਟਰ ਜਾਰੀ




**ਤਪਾ ਮੰਡੀ 3 ਸਤੰਬਰ, ਅਰੁਣ ਗੋਇਲ**- ਸਿਵਲ ਸਰਜਨ ਡਾ. ਬਲਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਿਹਤ ਬਲਾਕ ਤਪਾ ਵਿੱਚ ਅੱਖਾਂ ਦਾਨ ਲਈ ਜਾਗਰੂਕਤਾ ਪੰਦਰਵਾੜਾ 8 ਸਤੰਬਰ ਤੱਕ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਅੱਜ ਸਬ ਡਵੀਜਨਲ ਹਸਪਤਾਲ ਤਪਾ ਵਿਖੇ ਕਾਰਜਕਾਰੀ ਸੀਨੀਅਰ ਮੈਡੀਕਲ ਅਫਸਰ ਡਾ. ਕੰਵਲਜੀਤ ਸਿੰਘ ਬਾਜਵਾ ਵੱਲੋਂ ਜਾਗਰੂਕਤਾ ਪੋਸਟਰ ਵੀ ਜਾਰੀ ਕੀਤੇ ਗਏ।

ਜਾਣਕਾਰੀ ਦਿੰਦਿਆਂ ਡਾ. ਬਾਜਵਾ ਨੇ ਕਿਹਾ ਕਿ ਅੱਖਾਂ ਦਾਨ ਕਰਨ ਦਾ ਸੁਨੇਹਾ ਘਰ-ਘਰ ਤੱਕ ਪਹੁੰਚਾਉਣ ਲਈ 8 ਸਤੰਬਰ 2025 ਤੱਕ ਬਲਾਕ ਵਿੱਚ ਅੱਖਾਂ ਦਾਨ ਦਾ ਕੌਮੀ ਪੰਦਰਵਾੜਾ ਮਨਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅੱਜ ਸਾਡੇ ਦੇਸ਼ ਅੰਦਰ 15 ਮਿਲੀਅਨ ਲੋਕਾਂ ਨੂੰ ਅੱਖਾਂ ਦੀ ਲੋੜ ਹੈ ਜੋ ਕਿ ਕਿਸੇ ਹਾਦਸੇ ਕਾਰਨ ਜਾਂ ਬਚਪਨ ਸਮੇਂ ਅੰਨੇਪਣ ਦਾ ਸ਼ਿਕਾਰ ਹਨ। ਉਨ੍ਹਾਂ ਕਿ ਕਿਹਾ ਕਿ ਅਸੀਂ ਖੁਦ ਵੀ ਅੱਖਾਂ ਦਾਨ ਕਰੀਏ ਅਤੇ ਲੋਕਾਂ ਨੂੰ ਵੀ ਇਸ ਦਾਨ ਦੀ ਮਹੱਤਤਾ ਬਾਰੇ ਜਾਣੂ ਕਰਵਾਈਏ ਤਾਂ ਜੋ ਬਹੁਤ ਸਾਰੇ ਲੋਕ ਜੋ ਦੇਖ ਨਹੀਂ ਸਕਦੇ ਉਨ੍ਹਾਂ ਨੂੰ ਨਵੀਂ ਜ਼ਿੰਦਗੀ ਮਿਲ ਸਕੇ।

ਇਸ ਮੌਕੇ ਅੱਖਾਂ ਦੇ ਮਾਹਰ ਡਾ. ਗੁਰਸਿਮਰਨ ਸਿੰਘ ਵੱਲੋਂ ਕੁਪੋਸ਼ਣ ਕਾਰਨ ਅੱਖਾਂ 'ਤੇ ਪੈਣ ਵਾਲੇ ਬੁਰੇ ਪ੍ਰਭਾਵਾਂ ਬਾਰੇ ਵੀ ਮੌਜੂਦ ਲੋਕਾਂ ਨੂੰ ਜਾਗਰੂਕ ਕੀਤਾ। ਉਨ੍ਹਾਂ ਕਿਹਾ ਕਿ ਮੋਬਾਇਲ ਫੋਨ ਅਤੇ ਕੰਪਿਊਟਰ ਦੀ ਲੋੜ ਅਨੁਸਾਰ ਹੀ ਵਰਤੋਂ ਕੀਤੀ ਜਾਵੇ, ਹਨੇਰੇ ਵਿਚ ਮੋਬਾਇਲ, ਟੈਬ ਜਾਂ ਕੰਪਿਊਟਰ ਦੀ ਵਰਤੋਂ ਕਰਨ ਤੋਂ ਗੁਰੇਜ ਕੀਤਾ ਜਾਵੇ, ਕਿਉਂਕਿ ਇਸ ਨਾਲ ਰੈਟੀਨਾ ਤੇ ਬਹੁਤ ਮਾੜਾ ਅਸਰ ਪੈਂਦਾ ਹੈ। ਜਿਸ ਦਾ ਬਾਅਦ ਵਿਚ ਕੋਈ ਇਲਾਜ ਨਹੀਂ ਹੈ। ਉਨ੍ਹਾਂ ਕਿਹਾ ਕਿ ਅੱਖਾਂ ਦੀ ਰੌਸ਼ਨੀ ਬਰਕਰਾਰ ਰੱਖਣ ਲਈ ਆਪਣੀ ਖੁਰਾਕ ਵਿਚ ਵਿਟਾਮਿਨ 'ਏ' ਯੁਕਤ ਖੁਰਾਕ ਨੂੰ ਜ਼ਰੂਰ ਸ਼ਾਮਿਲ ਕਰੋ,

ਇਸ ਮੌਕੇ ਬਲਾਕ ਐਜੂਕੇਟਰ ਜਸਪਾਲ ਸਿੰਘ ਜਟਾਣਾ ਤੇ ਆਪਥਾਲਮਿਕ ਅਫਸਰ ਰੁਪਿੰਦਰ ਸਿੰਘ ਨੇ ਦੱਸਿਆ ਕਿ ਕਿਸੇ ਵੀ ਉਮਰ ਵਿਚ ਅੱਖਾਂ ਦਾਨ ਕੀਤੀਆ ਜਾ ਸਕਦੀਆਂ ਹਨ। ਉਨ੍ਹਾ ਕਿਹਾ ਭਾਵੇਂ ਵਿਅਕਤੀ ਦੇ ਦੂਰ ਦੀ ਐਨਕ ਲੱਗੀ ਹੋਵੇ, ਲੈਨਜ਼ ਪਾਇਆ ਹੋਵੇ ਤਾਂ ਵੀ ਉਹ ਅੱਖਾਂ ਦਾਨ ਕਰ ਸਕਦਾ ਹੈ। ਕੇਵਲ ਕੈਂਸਰ, ਏਡਜ ਅਤੇ ਦਿਮਾਗੀ ਬੁਖਾਰ ਦੇ ਵਿਚ ਅੱਖਾਂ ਦਾਨ ਨਹੀਂ ਕੀਤੀਆਂ ਜਾ ਸਕਦੀਆਂ। ਉਨ੍ਹਾਂ ਕਿਹਾ ਕਿ ਅੱਖਾਂ ਦਾਨ ਮਹਾਂ ਦਾਨ ਹੈ, ਜਿਸ ਨਾਲ ਕਿਸੇ ਵਿਅਕਤੀ ਵੱਲੋਂ ਮਰਨ ਉਪਰੰਤ ਅੱਖਾਂ ਦਾਨ ਕਰਨ ਨਾਲ ਕਿਸੇ ਹੋਰ ਵਿਅਕਤੀ ਨੂੰ ਨਵੀਂ ਜ਼ਿੰਦਗੀ ਮਿਲ ਸਕਦੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਸ਼ਿਖਾ ਅਗਰਵਾਲ, ਸਟਾਫ ਨਰਸ ਸਵਰਨਜੀਤ ਕੌਰ, ਐਸ.ਆਈ ਰਣਜੀਵ ਕੁਮਾਰ, ਗਗਨਦੀਪ ਸਿੰਘ ਆਦਿ ਮੌਜੂਦ ਸਨ।

# ਧੂਮਧਾਮ ਨਾਲ ਮਨਾਇਆ ਗਿਆ ਸ੍ਰੀ ਗਣੇਸ਼ ਉਤਸਵ



**ਪਾਤੜਾਂ 3 ਸਤੰਬਰ ਜਸਵਿੰਦਰ ਸਿੰਘ ਪਾਰਸ**- ਵਾਰਡ ਨੰਬਰ 8 ਲਖਵਾਲੀ ਬਸਤੀ ਵਿੱਚ ਸ੍ਰੀ ਗਣੇਸ਼ ਉਤਸਵ ਵਾਰਡ ਵਾਸੀਆਂ ਵਲੋਂ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਗਿਆ। ਇਸ ਪਵਿੱਤਰ ਮੌਕੇ 'ਤੇ ਸਥਾਨਕ ਵਾਸੀਆਂ ਨੇ ਭਾਰੀ ਗਿਣਤੀ ਵਿੱਚ ਹਾਜ਼ਰੀ ਭਰੀ ਅਤੇ ਸ਼ਰਧਾ ਸਹਿਤ ਸ੍ਰੀ ਗਣੇਸ਼ ਜੀ ਦੀ ਪੂਜਾ ਅਰਚਨਾ ਕੀਤੀ। ਇਸ ਉਤਸਵ ਦੌਰਾਨ ਕਾਂਗਰਸ ਪਾਰਟੀ ਦੀ ਸਮੁੱਚੀ ਟੀਮ ਵਿਸ਼ੇਸ਼ ਤੌਰ 'ਤੇ ਸਮਾਗਮ ਵਿੱਚ ਸ਼ਾਮਿਲ ਹੋਈ। ਸ਼ਹਿਰੀ ਕਾਂਗਰਸ ਪ੍ਰਧਾਨ ਸ਼੍ਰੀ ਰਾਕੇਸ਼ ਕੁਮਾਰ ਹੈਪੀ ਨੇ ਸਮਾਰੋਹ ਵਿੱਚ ਪਹੁੰਚ ਕੇ ਰਿਬਨ ਕੱਟ ਕੇ ਉਤਸਵ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਨੇ ਵਾਰਡ ਨੰਬਰ 8 ਦੇ ਨਿਵਾਸੀਆਂ ਅਤੇ ਸਾਰੇ ਸ਼ਹਿਰ ਵਾਸੀਆਂ ਨੂੰ ਸ੍ਰੀ ਗਣੇਸ਼ ਉਤਸਵ ਦੀਆਂ ਲੱਖ-ਲੱਖ ਵਧਾਈਆਂ ਦਿੱਤੀਆਂ। ਉਨ੍ਹਾਂ ਨਾਲ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਸ਼੍ਰੀ ਸਿਕੰਦਰ ਸਿੰਘ ਦੁਤਾਲ, ਬਾਬੂ ਤਰਸੇਮ ਚੰਦ ਤੰਬੁਵਾਲਾ, ਵਿਜੇ ਕੁਮਾਰ ਭੋਲਾ, ਹਰੀਮੋਹਨ ਆਦਿ ਵੀ ਹਾਜ਼ਰ ਰਹੇ। ਸਮੂਹ ਕਾਂਗਰਸ ਟੀਮ ਨੇ ਸਾਂਝੀ ਰੂਪ ਵਿੱਚ ਲੋਕਾਂ ਨਾਲ ਮਿਲ ਕੇ ਉਤਸਵ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ। ਸਮਾਰੋਹ ਦੌਰਾਨ ਧਾਰਮਿਕ ਰਸਮਾਂ ਤੋਂ ਇਲਾਵਾ ਭਗਤੀ ਸੰਗੀਤ, ਆਰਤੀ ਅਤੇ ਲੰਗਰ ਦਾ ਵੀ ਵਿਅਸਥਾ ਕੀਤੀ ਗਈ, ਜਿਸ ਨੇ ਸਮੂਹ ਸਮਾਗਮ ਨੂੰ ਹੋਰ ਵੀ ਰੌਣਕਮਈ ਬਣਾਇਆ।

# ਐੱਸ.ਡੀ.ਐੱਮ.ਨੇ ਕੀਤੀ ਦੁਕਾਨਦਾਰਾਂ ਨਾਲ ਮੀਟਿੰਗ, ਰੇਟਾਂ ਵਿੱਚ ਲੁੱਟ ਕਰਨ ਤੇ ਹੋਵੇਗੀ ਸਖਤ ਕਾਰਵਾਈ

**ਮਾਛੀਵਾੜਾ ਸਾਹਿਬ 3 ਸਤੰਬਰ, ਮਾਸਟਰ ਸਤੀਸ਼ ਕੁਮਾਰ-** ਪਿਛਲੇ ਕਈ ਦਿਨਾਂ ਤੋਂ ਪੰਜਾਬ ਵਿੱਚ ਹੋ ਰਹੀ ਭਾਰੀ ਮੀਂਹ ਦੌਰਾਨ ਸਤਲੁਜ ਦਰਿਆ ਦੇ ਨੇੜਲੇ ਪਿੰਡਾਂ ਵਿੱਚ ਹਾਲਾਤ ਬਹੁਤ ਨਾਜ਼ੁਕ ਬਣੇ ਹੋਏ ਹਨ, ਜਿਸਨੂੰ ਦੇਖਦੇ ਹੋਏ ਪ੍ਰਸ਼ਾਸਨ



ਪੂਰੀ ਤਰਾਂ ਮੁਸਤੈਦੀ ਨਾਲ ਆਪਣੀ ਡਿਊਟੀ ਕਰ ਰਿਹਾ ਹੈ। ਜਿਸਨੂੰ ਦੇਖਦੇ ਹੋਏ ਮਾਛੀਵਾੜਾ ਸ਼ਹਿਰ ਦੇ ਤਰਪਾਲਾਂ ਵਾਲੀਆ ਦੁਕਾਨਾ ਦੀ ਗਾਹਕਾਂ ਨਾਲ ਲੁੱਟ ਖਸੁੱਟ ਨਾ ਹੋ ਸਕੇ ਤਾਂ ਐਸ. ਡੀ. ਐਮ. ਸਮਰਾਲਾ ਰਜਨੀਸ਼ ਅਰੋੜਾ ਵੱਲੋਂ ਸੰਬੰਧਤ ਦੁਕਾਨਦਾਰਾਂ ਨੂੰ ਸਮਰਾਲਾ ਤਹਿਸੀਲ ਵਿੱਚ ਬੁਲਾ ਕੇ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਕੋਈ ਵੀ ਇਸ ਸਮਾਨ ਨਾਲ ਸੰਬੰਧਿਤ ਦੁਕਾਨਦਾਰ ਕੰਟਰੋਲ ਰੇਟ ਤੋਂ ਉੱਪਰ ਜੇਕਰ ਕੋਈ ਲੁੱਟ ਖਸੁੱਟ ਕਰਦਿਆਂ ਫੜਿਆਂ ਗਿਆ ਤਾਂ ਉਸਨੂੰ ਬਖਸਿਆਂ ਨਹੀਂ ਜਾਵੇਗਾ ਅਤੇ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਡੇਰਾ ਬਾਪੂ ਪਰਗਣ ਦਾਸ ਦੇ ਸੇਵਕਾਂ ਵੱਲੋਂ ਚੌਥੇ ਦਿਨ ਵੀ ਮੀਂਹ ਪ੍ਰਭਾਵਿਤ ਲੋਕਾਂ ਨੂੰ ਵੰਡਿਆ ਲੰਗਰ

**ਮਾਛੀਵਾੜਾ ਸਾਹਿਬ 3 ਸਤੰਬਰ, ਮਾਸਟਰ ਸਤੀਸ਼ ਕੁਮਾਰ-** ਨੇੜਲੇ ਪਿੰਡ ਰਹੀਮਾਬਾਦ ਸਥਿਤ ਡੇਰਾ ਜੈ ਮਈਆ ਭਗਵਾਨ ਬਾਪੂ ਪਰਗਣ ਦਾਸ ਜੀ ਦੇ ਸੇਵਕਾਂ ਵੱਲੋਂ ਮੀਂਹ ਪ੍ਰਭਾਵਿਤ ਇਲਾਕਿਆਂ ਵਿੱਚ ਲੋਕਾਂ ਲਈ ਲੰਗਰ ਤਿਆਰ ਕਰਕੇ ਵੰਡਿਆ ਜਾ ਰਿਹਾ ਹੈ ਡੇਰੇ ਦੇ ਗੱਦੀ ਨਸ਼ੀਨ ਸਾਈ ਦੀਪੇ ਸ਼ਾਹ ਦੀ ਅਗਵਾਈ ਹੇਠ ਬਾਪੂ ਪਰਗਣ ਦਾਸ ਜੀ ਦੇ ਸੇਵਕਾਂ ਵੱਲੋਂ ਪਿਛਲੇ ਕੁਝ ਦਿਨਾਂ ਤੋਂ ਪਾਣੀ ਦੀ ਮਾਰ ਹੇਠ ਆਏ ਮਾਛੀਵਾੜਾ ਇਲਾਕੇ ਦੇ ਪਿੰਡਾਂ ਵਿਚ ਇਹ ਸੇਵਾ ਕੀਤੀ ਜਾ ਰਹੀ ਹੈ ।ਬਾਪੂ ਪਰਗਣ ਦਾਸ ਦੇ ਸੇਵਕ ਦੀਪੂ ਮੱਕੜ ਤੋ ਪ੍ਰਾਪਤ ਜਾਣਕਾਰੀ ਅਨੁਸਾਰ ਡੇਰੇ ਵਲੋਂ ਇਹ ਸੇਵਾ ਮੌਸਮ ਤੇ ਪਾਣੀ ਦੀ ਸਥਿਤੀ ਨੂੰ ਦੇਖਦੇ ਹੋਏ ਚਾਰ ਦਿਨ ਤੋਂ ਜਾਰੀ ਹੈ ਤੇ ਅੱਗੇ ਵੀ ਜਾਰੀ ਰਹੇਗੀ। ਉਨ੍ਹਾਂ ਅਨੁਸਾਰ ਸਾਈ ਦੀਪੇ ਸ਼ਾਹ ਦੀ ਅਗਵਾਈ ਹੇਠ ਡੇਰੇ ਵਿੱਚ ਲੰਗਰ ਤਿਆਰ ਕਰਕੇ ਮੀਂਹ ਪ੍ਰਭਾਵਿਤ ਇਲਾਕਿਆਂ ਵਿੱਚ ਜਾਕੇ ਲੋੜਵੰਦਾਂ ਨੂੰ ਵੰਡਣ ਵਿਚ ਡੇਰੇ ਦੀ ਸਮੂਹ ਸੰਗਤ ਵੱਲੋਂ ਸੇਵਾ ਨਿਭਾਈ ਜਾ ਰਹੀ ਹੈ ।



# ਸਹਿਜੋ ਮਾਜਰੇ ਦਾ ਮੁਲਤਵੀ ਹੋਇਆ ਵਿਸ਼ਾਲ ਦੰਗਲ ਮੇਲਾ ਹੁਣ ਹੋਵੇਗਾ 22 ਸਤੰਬਰ ਨੂੰ



**ਮਾਛੀਵਾੜਾ ਸਾਹਿਬ 3 ਸਤੰਬਰ ਮਾਸਟਰ ਸਤੀਸ਼ ਕੁਮਾਰ** – ਮਾਛੀਵਾੜਾ ਸਾਹਿਬ ਨਜ਼ਦੀਕੀ ਪਿੰਡ ਸਹਿਜੋ ਮਾਜਰਾ ਵਿਖੇ 3 ਸਤੰਬਰ ਨੂੰ ਕਰਵਾਇਆ ਜਾਣ ਵਾਲਾ ਵਿਸ਼ਾਲ ਦੰਗਲ ਮੇਲਾ ਭਾਰੀ ਬਾਰਿਸ਼ ਕਾਰਨ ਮੁਲਤਵੀ ਹੋ ਗਿਆ ਸੀ। ਦੰਗਲ ਕਮੇਟੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰੀ ਬਾਰਿਸ਼ ਕਾਰਨ ਮੁਲਤਵੀ ਹੋਏ ਇਸ ਦੰਗਲ ਮੇਲੇ ਦੀ ਨਵੀਂ ਤਰੀਕ 22 ਸਤੰਬਰ ਦਿਨ ਸੋਮਵਾਰ ਦੀ ਰੱਖੀ ਗਈ ਹੈ। ਉਹਨਾਂ ਦੱਸਿਆ ਕਿ ਪਹਿਲਾਂ ਦੀ ਤਰ੍ਹਾਂ ਹੀ ਸਾਰੇ ਪਹਿਲਵਾਨ ਜੋ ਝੰਡੀ ਦੀਆਂ ਕੁਸ਼ਤੀਆਂ ਲਈ ਘੋਸ਼ਿਤ ਕੀਤੇ ਗਏ ਹਨ, ਉਹਨਾਂ ਪਹਿਲਵਾਨਾਂ ਦੀਆਂ ਹੀ ਝੰਡੀ ਦੀਆਂ ਕੁਸ਼ਤੀਆਂ ਕਰਵਾਈਆਂ ਜਾਣਗੀਆਂ ਅਤੇ ਪਹਿਲਾਂ ਦੱਸੇ ਅਨੁਸਾਰ ਹੀ ਇਨਾਮ ਆਲਟੋ ਕਾਰ, ਬੁੱਲਟ ਮੋਟਰਸਾਈਕਲ, ਸਪਲੈਂਡਰ ਮੋਟਰਸਾਈਕਲ, ਪਲੈਟੀਨਾ ਮੋਟਰਸਾਈਕਲ, ਸੋਨੇ ਦੀਆਂ ਮੁੰਦੀਆਂ, ਸੋਨੇ ਦੇ ਕੜੇ, ਅਤੇ ਲੱਖਾਂ ਰੁਪਏ ਨਕਦੀ ਦੇ ਰੂਪ ਵਿੱਚ ਪਹਿਲਵਾਨਾਂ ਨੂੰ ਦਿੱਤੇ ਜਾਣਗੇ।

# ਭਗਤਾਂ ਨੇ ਮੀਂਹ ਦੇ ਬਾਵਜੂਦ ਵੀ ਪੰਚ ਮੁਖੀ ਹਨੂੰਮਾਨ ਅਤੇ ਸ਼ਨੀ ਦੇਵ ਮੰਦਰ ਵਿਖੇ 18ਵੀਂ ਨਿਸ਼ਾਨ ਯਾਤਰਾ ਕੱਢੀ



**ਤਪਾ ਮੰਡੀ,03 ਸਤੰਬਰ (ਬੰਟੀ ਦੀਕਸ਼ਿਤ)**- ਪੰਚ ਮੁਖੀ ਹਨੁਮਾਨ ਅਤੇ ਸ਼ਨੀ ਦੇਵ ਮੰਦਰ ਵਿਖੇ 18ਵੀਂ ਨਿਸ਼ਾਨ ਯਾਤਰਾ ਕੱਢੀ ਗਈ ਜੋ ਕਿ ਸਾਗਰ ਸਿੰਗਲਾ ਪੁੱਤਰ ਮਾਸਟਰ ਭੀਮ ਸੈਨ ਸਿੰਗਲਾ ਦੇ ਘਰੋਂ ਸ਼ੁਰੂ ਹੋ ਕੇ ਮੰਡੀ ਦੀਆਂ ਵੱਖ ਵੱਖ ਗਲੀਆਂ ਵਿੱਚ ਦੀ ਹੁੰਦੀ ਹੋਈ ਭਾਈ ਨੇ ਕੀਰਤਨ ਕਰਦੀ ਹੋਈ ਖਾਟੂ ਸ਼ਾਮ ਮੰਦਰ ਵਿਖੇ ਪਹੁੰਚੀ ਜਿੱਥੇ ਪਹੁੰਚ ਕੇ ਪਰਿਵਾਰ ਵੱਲੋਂ ਖਾਟੂ ਸ਼ਾਮ ਜੀ ਦਾ ਨਿਸ਼ਾਨ ਚੜਾਇਆ ਗਿਆ ਉਸ ਤੋਂ ਬਾਅਦ ਭਗਤਾਂ ਨੇ ਆਰਤੀ ਕੀਤੀ ਗਈ ਖਾਟੂ ਸ਼ਾਮ ਜੀ ਦੇ ਜੈਕਾਰੇ ਲਾਏ ਗਏ ।ਇਸ ਮੌਕੇ ਤੇ ਸਾਗਰ ਸਿੰਗਲਾ,ਅਜੇ ਬਸਾਤੀ ਵਾਲਾ, ਲੱਕੀ ਮੁਨੀਮ,ਲਵਲੀ ਬਸਾਤੀ ਵਾਲਾ,ਹਰੀਸ਼ ਮਿੱਤਲ ਗੋਸ਼ਾ, ਸਰੇਸ਼ ਮਿੱਤਲ,ਦੀਪੂ ਭੈਣੀ,ਜੀਤ ਰਾਈਆ, ਮਦਨ ਭੱਟਾ,ਸ਼੍ਰੀ ਰਾਧਾ ਰਾਣੀ ਪ੍ਰਭਾਤ ਫੇਰੀ ਮੰਡਲ ਦੇ ਮੈਂਬਰਾਂ ਤੋਂ ਇਲਾਵਾ ਵੱਡੀ ਗਿਣਤੀ ਵਿਚ ਮਹਿਲਾਵਾਂ ਹਾਜਰ ਸਨ।

# ਇਲਾਕੇ ਦੇ ਨੌਜਵਾਨਾਂ ਵੱਲੋਂ ਧੱਸੀ ਬੰਨ੍ਹਾਂ ਦੀ ਮੁਰੰਮਤ ਕਰ ਰਹੇ ਸੇਵਾਦਾਰਾਂ ਲਈ ਲੰਗਰ ਲਗਾਇਆ



**ਮਾਛੀਵਾੜਾ ਸਾਹਿਬ 3 ਸਤੰਬਰ, ਮਾਸਟਰ ਸਤੀਸ਼ ਕੁਮਾਰ** - ਸੂਬੇ ਵਿੱਚ ਪਿਛਲੇ ਕਈ ਦਿਨਾਂ ਤੋਂ ਹੋ ਰਹੀ ਭਾਰੀ ਬਾਰਿਸ਼ ਨਾਲ ਪੂਰੇ ਪੰਜਾਬ ਵਿੱਚ ਹੜਾਂ ਦੀ ਸਥਿਤੀ ਬਣੀ ਹੋਈ ਹੈ। ਮਾਛੀਵਾੜਾ ਬਲਾਕ ਦੇ ਪਿੰਡ ਧੁੱਲੇਵਾਲ ਨੇੜੇ ਸਤਲੁਜ ਦਰਿਆ ਦੇ ਧੁੱਸੀ ਬੰਨ੍ਹ ਨੂੰ ਪਾਣੀ ਨੇ ਢਾਹ ਲਗਾ ਦਿੱਤੀ ਹੈ ਤੇ ਨਾਲ ਹੀ ਹਲਕਾ ਚਮਕੌਰ ਸਾਹਿਬ ਅਧੀਨ ਆਉਂਦੇ ਪਿੰਡ ਫੱਸਿਆਂ ਵਿਖੇ ਵੀ ਬੰਨ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਇਹਨਾਂ ਦੋਵਾਂ ਨਾਜ਼ੁਕ ਸਥਾਨਾਂ ਤੇ ਧੁੱਸੀਂ ਬੰਨ ਨੂੰ ਟੁੱਟਣ ਤੋਂ ਬਚਾਉਣ ਲਈ ਆਲੇ ਦੁਆਲੇ ਪਿੰਡਾਂ ਦੇ ਸੈਂਕੜੇ ਲੋਕ ਦਿਨ ਰਾਤ ਲੱਗੇ ਹੋਏ ਹਨ। ਧੁੱਸੀ ਬੰਨ੍ਹ ਨੂੰ ਬਚਾਉਣ ਵਿੱਚ ਲੱਗੇ ਹੋਏ ਲੋਕਾਂ ਲਈ ਇਲਾਕੇ ਦੇ ਨੌਜਵਾਨਾਂ ਵੱਲੋਂ ਲਗਾਤਾਰ ਲੰਗਰ ਤੇ ਪਾਣੀ ਮੁਹੱਈਆ ਕਰਵਾਇਆ ਜਾ ਰਿਹਾ ਹੈ ਤੇ ਉਸ ਤੋਂ ਇਲਾਵਾ ਹੋਰ ਵੀ ਜ਼ਰੂਰਤ ਦਾ ਸਮਾਨ ਦਿੱਤਾ ਜਾ ਰਿਹਾ। ਇਲਾਕੇ ਦੇ ਨੌਜਵਾਨ ਜੁਗਰਾਜ ਸਿੰਘ ਮੰਡ, ਅਵੀ ਬੈਨੀਪਾਲ, ਮਨਰਾਜ ਸਿੰਘ, ਲਖਵਿੰਦਰ ਸਿੰਘ, ਗੁਰਮੀਤ ਢੀਂਡਸਾ, ਹਰਮਨ ਢੀਂਡਸਾ, ਇੰਦਰਜੀਤ ਸਿੰਘ, ਗੁਰਦੀਪ ਸਿੰਘ, ਜਸਵਿੰਦਰ ਸਿੰਘ, ਬਲਜਿੰਦਰ ਸਿੰਘ, ਨਵੀ ਤੇ ਸੁੱਖਾ ਲਗਾਤਾਰ ਤੁਸੀਂ ਟੁੱਟਣ ਤੋਂ ਬਚਾਉਣ ਲਈ ਲੱਗੇ ਹੋਏ ਲੋਕਾਂ ਦੀ ਸੇਵਾ ਵਿੱਚ ਲੱਗੇ ਹੋਏ ਹਨ। ਨੌਜਵਾਨ ਜੁਗਰਾਜ ਸਿੰਘ ਮੰਡ ਨੇ ਕਿਹਾ ਕਿ ਜਦੋਂ ਤੱਕ ਸਤਲੁਜ ਦਰਿਆ ਵਿੱਚ ਪਾਣੀ ਦਾ ਪੱਧਰ ਨਹੀਂ ਘੱਟ ਜਾਂਦਾ ਤੇ ਧੁੱਸੀ ਬੰਨ ਸੁਰੱਖਿਅਤ ਨਹੀਂ ਹੋ ਜਾਂਦਾ ਉਦੋਂ ਤੱਕ ਉਹ ਪਿੰਡਾਂ ਦੇ ਲੋਕ ਦੀ ਮੱਦਦ ਕਰਦੇ ਰਹਿਣਗੇ।

# ਮੇਰਾ ਯੁਵਾ ਭਾਰਤ (ਮਾਈ ਭਾਰਤ) ਸ਼੍ਰੀ ਮੁਕਤਸਰ ਸਾਹਿਬ ਵੱਲੋਂ ਗੁਰੂ ਨਾਨਕ ਕਾਲਜ ਸ੍ਰੀ ਮੁਕਤਸਰ ਸਾਹਿਬ ਵਿਖੇ ਕੌਮੀ ਖੇਡ ਦਿਵਸ ਮਨਾਇਆ ਗਿਆ





**ਸ਼੍ਰੀ ਮੁਕਤਸਰ ਸਾਹਿਬ, 03 ਸਤੰਬਰ (ਲੱਕੀ ਚੜੇਵਾਨ)** ਮੇਰਾ ਯੁਵਾ ਭਾਰਤ (ਮਾਈ ਭਾਰਤ) ਸ਼੍ਰੀ ਮੁਕਤਸਰ ਸਾਹਿਬ ਵੱਲੋਂ ਗੁਰੂ ਨਾਨਕ ਕਾਲਜ ਸ੍ਰੀ ਮੁਕਤਸਰ ਸਾਹਿਬ ਵਿਖੇ ਮੇਜਰ ਧਿਆਨ ਚੰਦ ਜੀ ਦੇ ਜਨਮਦਿਨ ਨੂੰ ਸਮਰਪਿਤ ਜ਼ਿਲ੍ਹਾ ਯੂਥ ਅਫਸਰ ਗੁਰਪ੍ਰੀਤ ਸਿੰਘ ਅਤੇ ਲੇਖਾਕਾਰ ਪ੍ਰੋਗਰਾਮ ਅਫਸਰ ਮਨਜੀਤ ਸਿੰਘ ਭੁੱਲਰ ਦੀ ਯੋਗ ਅਗਵਾਈ ਹੇਠ ਨੌਜਵਾਨ ਸਪੋਰਟਸ ਐਂਡ ਵੈਲਫੇਅਰ ਕਲੱਬ (ਚੜੇਵਾਨ) ਦੇ ਸਹਿਯੋਗ ਨਾਲ ਦਿਨ ਸ਼ੁਕਰਵਾਰ ਨੂੰ ਕੌਮੀ ਖੇਡ ਦਿਵਸ ਮਨਾਇਆ ਗਿਆ। ਮੈਡਮ ਨੀਤੀ ਹਾਕੀ ਕੋਚ ਨੇ ਜਾਣਕਾਰੀ ਦਿੰਦਿਆਂ ਹੋਇਆ ਦੱਸਿਆ ਕਿ ਇਸ ਮੌਕੇ ਜ਼ਿਲਾ ਖੇਡ ਅਫਸਰ ਅਨਿੰਦਰ ਕੌਰ ਬਰਾੜ ਅਤੇ ਅਥਲੈਟਿਕ ਕੋਚ ਕੁਲਵਿੰਦਰ ਸਿੰਘ, ਕਲੱਬ ਪ੍ਰਧਾਨ ਗੋਪਾਲ ਸਿੰਘ ਗੁਰਕਪਾਲ ਸਿੰਘ (ਲੱਕੀ) ਸਟੈਨੋ ਔਕਨੁਸ਼ ਸ਼ੇਤੀਆ,ਕਲਰਕ ਸੇਖਾ ਆਦਿ ਮੌਕੇ ਤੇ ਮੌਜੂਦ ਸਨ। ਨੌਜਵਾਨਾਂ ਨੂੰ ਸੰਬੋਧਿਤ ਕਰਦਿਆਂ ਹੋਇਆਂ ਨੌਜਵਾਨਾਂ ਦੇ ਜੀਵਨ ਵਿੱਚ ਖੇਡਾਂ ਦੀ ਵਡਮੁੱਲੀ ਮਹੱਤਤਾ ਬਾਰੇ ਚਾਨਣਾ ਪਾਉਂਦਿਆਂ ਨੌਜਵਾਨਾਂ ਦੀ ਦਿਲਚਸਪੀ ਮੁਤਾਬਕ ਵੱਖ-ਵੱਖ ਖੇਡਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਗਿਆ ਇਸ ਮੌਕੇ ਲੜਕੀਆਂ ਦੇ ਹਾਕੀ ਦੇ ਮੈਚ ਕਰਵਾਏ ਗਏ। ਜ਼ਿਲਾ ਖੇਡ ਅਨਿੰਦਰਵੀਰ ਕੌਰ ਬਰਾੜ ਵੱਲੋਂ ਨੌਜਵਾਨਾਂ ਨੂੰ ਮੇਜਰ ਧਿਆਨ ਚੰਦ ਜੀ ਦੇ ਜਨਮ ਦਿਹਾੜੇ ਦੀ ਵਧਾਈ ਦਿੰਦਿਆਂ ਹੋਇਆਂ ਹਾਕੀ ਦੇ ਉਸ ਜਾਦੂਗਰ ਦੇ ਨਕਸ਼ੇ ਕਦਮਾਂ ਤੇ ਚੱਲਦਿਆਂ ਹਰ ਹਾਲਾਤ ਖੇਡਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਗਿਆ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਹੋਇਆਂ ਜੇਤੂ ਟੀਮਾਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ।

# ਸਿਹਤ ਵਿਭਾਗ ਨੇ ਹੜ੍ਹਾਂ ਦੌਰਾਨ ਫੈਲਣ ਵਾਲੇ ਰੋਗਾਂ ਤੋਂ ਬਚਾਅ ਲਈ ਲੋਕਾਂ ਨੂੰ ਜਾਗਰੂਕਤਾ ਕੀਤਾ



**ਭਗਤਾ ਭਾਈ, 3 ਸਤੰਬਰ (ਰਾਜਿੰਦਰ ਸਿੰਘ ਮਰਾਹੜ)**- ਸਿਵਲ ਸਰਜਨ ਬਠਿੰਡਾ ਡਾਕਟਰ ਤਪਿੰਦਰਜੋਤ, ਜ਼ਿਲ੍ਹਾ ਸਿਹਤ ਅਫ਼ਸਰ ਡਾਕਟਰ ਊਸ਼ਾ ਗੋਇਲ ਅਤੇ ਸੀਨੀਅਰ ਮੈਡੀਕਲ ਅਫ਼ਸਰ ਭਗਤਾ ਭਾਈ ਡਾਕਟਰ ਸੀਮਾ ਗੁਪਤਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿਹਤ ਕੇਂਦਰ ਢਪਾਲੀ ਵਿਖੇ ਗਰੁੱਪ ਮੀਟਿੰਗ ਕਰਕੇ ਹੜ੍ਹਾਂ ਦੌਰਾਨ ਫੈਲਣ ਵਾਲੇ ਰੋਗਾਂ ਤੋਂ ਸਮਾਜ ਨੂੰ ਬਚਾਉਣ ਲਈ ਵਿਚਾਰਾਂ ਕੀਤੀਆਂ ਗਈਆਂ। ਇਸ ਮੌਕੇ ਮਲਟੀਪਰਪਜ ਹੈਲਥ ਸੁਪਰਵਾਈਜਰ ਬਲਵੀਰ ਸਿੰਘ ਸੰਧੂ ਕਲਾਂ ਨੇ ਦੱਸਿਆ ਕਿ ਹੜ੍ਹਾਂ ਦੌਰਾਨ ਪਾਣੀ ਇਕੱਠਾ ਹੋਣ ਕਰਕੇ ਮੱਛਰਾਂ ਦੀ ਪੈਦਾਵਾਰ ਵਿੱਚ ਵਾਧਾ ਹੋ ਜਾਂਦਾ ਹੈ, ਜਿਸ ਨਾਲ ਮਲੇਰੀਆ, ਡੇਂਗੂ, ਚਿਕਨਗੁਨੀਆ ਆਦਿ ਬੁਖਾਰਾ ਦੇ ਵਧਣ ਦਾ ਖ਼ਤਰਾ ਹੁੰਦਾ ਹੈ, ਇਸੇ ਤਰ੍ਹਾਂ ਹੀ ਪਾਣੀ ਦੂਸ਼ਿਤ ਹੋ ਜਾਂਦਾ ਅਤੇ ਮੱਖੀਆਂ ਦੀ ਤਹਿਦਾਦ ਵਿਚ ਵਾਧਾ ਵੀ ਹੋ ਜਾਂਦਾ ਹੈ, ਫ਼ੂਡ ਪੁਆਜ਼ਨਿੰਗ ਹੋਣ ਕਰਕੇ ਪੀਲੀਆਂ, ਟਾਈਫਾਇਡ,ਪੇਟ ਦੀਆਂ ਬਿਮਾਰੀਆਂ ਦੇ ਵਧਣ ਦਾ ਖਦਸ਼ਾ ਹੁੰਦਾ ਹੈ, ਇਸ ਲਈ ਮੱਛਰਾਂ ਦੇ ਕੱਟਣ ਤੋਂ ਬਚਾਅ ਲਈ ਮੱਛਰਦਾਨੀ ਲਗਾਓ, ਪੀਣ ਵਾਲੇ ਪਾਣੀ ਨੂੰ ਉਬਾਲ ਕੇ ਪੀਓ,ਖਾਣ ਪੀਣ ਵਾਲੀਆਂ ਵਸਤੂਆਂ ਨੂੰ ਢੱਕ ਕੇ ਰੱਖੋ, ਸਫ਼ਾਈ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ, ਕੁਦਰਤੀ ਕਰੋਪੀਆਂ ਨੂੰ ਸੰਜ਼ਮ ਨਾਲ ਨਜਿੱਠਣ ਲਈ ਹੌਸਲੇ ਬੁਲੰਦ ਰੱਖੀਏ। ਇਸ ਮੌਕੇ ਸੀ ਐੱਚ ਓ ਸਰਬਜੀਤ ਕੌਰ, ਮਲਟੀਪਰਪਜ ਹੈਲਥ ਵਰਕਰਜ ਕਰਮਜੀਤ ਕੌਰ, ਬਲਦੇਵ ਸਿੰਘ, ਆਸ਼ਾ ਬਲਜੀਤ ਕੌਰ, ਹਰਦੀਪ ਕੌਰ, ਵੀਰਪਾਲ ਕੌਰ, ਪਰਮਜੀਤ ਕੁਮਾਰੀ, ਲਛਮੀ ਕੌਰ,ਜਸਪ੍ਰੀਤ ਕੌਰ ਆਦਿ ਮੌਜੂਦ ਸਨ।

# ਸੱਤਪਾਲ ਸ਼ਰਮਾ ਪ੍ਰਧਾਨ ਅਤੇ ਚਿੰਕੂ ਸਿੰਗਲਾ ਸਕੱਤਰ ਬਣੇ



**ਭੀਖੀ,3ਸਤੰਬਰ (ਤਾਇਲ)** ਭੀਖੀ ਦੇ ਟੈਂਟ ਕਾਰੋਬਾਰੀਆਂ ਦੀ ਇੱਕ ਮੀਟਿੰਗ ਟੈਂਟ ਯੂਨੀਅਨ ਪੰਜਾਬ ਦੇ ਪ੍ਰਧਾਨ ਅਤੇ ਸਕੱਤਰ ਦੀ ਅਗੁਵਾਈ ਵਿੱਚ ਸਥਾਨਕ ਤਾਜ ਰੈਸਟੋਰੈਂਟ ਵਿਖੇ ਆਯੋਜਿਤ ਕੀਤੀ ਗਈ ਜਿਸ ਦੋਰਾਨ ਟੈਂਟ ਕਾਰੋਬਾਰੀਆਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਟੈਂਟ ਯੂਨੀਅਨ ਭੀਖੀ ਦਾ ਗਠਨ ਕਰਕੇ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਇਸ ਦੌਰਾਨ ਸੱਤਪਾਲ ਸ਼ਰਮਾ ਨੂੰ ਪ੍ਰਧਾਨ, ਜਗਤਾਰ ਸਿੰਘ ਸੇਖੋਂ ਨੂੰ ਉਪ-ਪ੍ਰਧਾਨ, ਚਿੰਕੂ ਸਿੰਗਲਾ ਨੂੰ ਸਕੱਤਰ, ਤਰਸੇਮ ਸਿੰਘ ਕਾਲਾ ਨੂੰ ਕੈਸ਼ੀਅਰ ਅਤੇ ਗਿਰਧਾਰੀ ਲਾਲ ਨੂੰ ਸਹਾਇਕ ਕੈਸ਼ੀਅਰ ਨਿਯੁਕਤ ਕੀਤਾ ਗਿਆ। ਇਸ ਮੌਕੇ ਨਵਨਿਯੁਕਤ ਸਕੱਤਰ ਚਿੰਕੂ ਸਿੰਗਲਾ ਨੇ ਕਿਹਾ ਕਿ ਉਹ ਟੈਂਟ ਦਾ ਕੰਮ ਕਰਦੇ ਦੁਕਾਨਦਾਰਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਹਰ ਸੰਭਵ ਯਤਨ ਕਰਨਗੇ।

ਮੁਦਰਕ, ਪ੍ਰਕਾਸ਼ਕ ਅਤੇ ਸਵਾਮੀ ਰਵੀਨਾ ਰਾਣੀ ਨੇ ਪੁਸ਼ਪਕ ਪ੍ਰਿੰਟਰ, ਚੱਕ ਰੋਡ ਨੇੜੇ ਖਾਲਸਾ ਸਕੂਲ, ਸ੍ਰੀ ਮੁਕਤਸਰ ਸਾਹਿਬ ਤੋਂ ਛਪਵਾ ਕੇ ਮਾਲਵਾ ਬਾਣੀ ਦਫਤਰ, ਖੱਡੀਆਂ ਵਾਲੀ ਗਲੀ, ਹਾਊਸ ਨੰਬਰ 1740 , ਸ੍ਰੀ ਮੁਕਤਸਰ ਸਾਹਿਬ ਤੋਂ ਪ੍ਰਕਾਸ਼ਿਤ ਕੀਤਾ। ਸੰਪਾਦਕ ਰਵੀਨਾ ਰਾਣੀ
Rni PUNPUN/2022/85964

# ਆਓ ਰਲ ਮਿਲ ਇਸ ਔਖੀ ਘੜੀ ਵਿੱਚ ਇੱਕ ਦੂਜੇ ਦਾ ਸਾਥ ਦੇਈਏ ਅਤੇ ਝੂਠੀਆਂ ਅਫਵਾਹਾਂ ਨਾ ਫੈਲਾਈਏ-ਵਨੀਤ ਝੜੌਂਦੀ

**ਮਾਛੀਵਾੜਾ ਸਾਹਿਬ 3 ਸਤੰਬਰ ਮਾਸਟਰ ਸਤੀਸ਼ ਕੁਮਾਰ**– ਅੱਜ ਪੰਜਾਬ ਦੇ ਵਿੱਚ ਔਖੀ ਘੜੀ ਦਾ ਸਮਾਂ ਹੈ, ਸਾਨੂੰ ਪਾਰਟੀਬਾਜ਼ੀਆਂ ਤੋਂ ਉੱਪਰ ਉੱਠ ਕੇ ਪੰਜਾਬ ਨੂੰ ਮੁੜ ਲੀਹਾਂ ਤੇ ਲਿਆਉਣ ਲਈ ਰਲ ਮਿਲ ਕੇ ਯਤਨ ਕਰਨੇ ਚਾਹੀਦੇ। ਇਹਨਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਰਾਜੀਵ ਗਾਂਧੀ ਪੰਚਾਇਤੀ ਰਾਜ ਸੰਗਠਨ ਬਲਾਕ ਪ੍ਰਧਾਨ ਅਤੇ ਮੀਡੀਆ ਬਲਾਕ ਇੰਚਾਰਜ ਵਨੀਤ ਕੁਮਾਰ ਝੜੌਂਦੀ ਨੇ ਕਿਹਾ ਕਿ ਪਿਛਲੇ ਕੁਝ ਦਿਨਾਂ ਤੋਂ ਪੈ ਰਹੀ



ਭਾਰੀ ਬਾਰਿਸ਼ ਕਾਰਨ ਪੰਜਾਬ ਦੇ ਜੋ ਹਾਲਾਤ ਬਣੇ ਹੋਏ ਹਨ, ਉਸ ਨਾਲ ਪੰਜਾਬ ਨੂੰ ਮੁੜ ਤੇ ਲੀਹਾਂ ਤੇ ਲਿਆਉਣ ਲਈ ਸਾਨੂੰ ਸਭ ਨੂੰ ਰਲ ਮਿਲ ਕੇ ਯਤਨ ਕਰਨੇ ਪੈਣਗੇ, ਕਿਉਂਕਿ ਹਰ ਸੂਬੇ ਹਰ ਦੇਸ਼ ਵਿਦੇਸ਼ ਵਿੱਚ ਮੁਸੀਬਤ ਆਉਣ ਤੇ ਅੱਗੇ ਆਉਣ ਵਾਲੇ ਪੰਜਾਬੀਆਂ ਲਈ ਕਿਸੇ ਨੇ ਕੋਈ ਮੱਦਦ ਲਈ ਹੱਥ ਅੱਗੇ ਨਹੀਂ ਵਧਾਇਆ। ਉਹਨਾਂ ਕਿਹਾ ਕਿ ਅੱਜ ਸਮਾਂ ਪਾਰਟੀਬਾਜ਼ੀ ਵਿੱਚ ਫਸ ਕੇ ਇੱਕ ਦੂਜੇ ਤੇ ਦੂਸ਼ਣਬਾਜ਼ੀ ਕਰਨ ਦਾ ਨਹੀਂ ,ਬਲਕਿ ਇੱਕਜੁੱਟ ਇੱਕ ਮੁੱਠ ਹੋ ਕੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਬਣਾਉਣ ਲਈ ਸੁਹਿਰਦ ਯਤਨ ਕਰਨ ਦਾ ਸਮਾਂ ਹੈ। ਉਹਨਾਂ ਕਿਹਾ ਕਿ ਸਾਨੂੰ ਸਭ ਨੂੰ ਆਪਣੇ ਆਪਣੇ ਇਲਾਕੇ ਵਿੱਚ ਹੜ ਪ੍ਰਭਾਵਿਤ ਪਰਿਵਾਰਾਂ ਦੀ ਬਾਂਹ ਫੜਨੀ ਚਾਹੀਦੀ ਹੈ ਅਤੇ ਜਿੱਥੇ ਕਿਤੇ ਜਿੰਨਾ ਵੀ ਨੁਕਸਾਨ ਹੋਇਆ ਹੈ ਉਸ ਦੀ ਰਲ ਮਿਲ ਕੇ ਭਰਭਾਈ ਕਰਦਿਆਂ ਇਹਨਾਂ ਪਰਿਵਾਰਾਂ ਨੂੰ ਮੁੜ ਤੋਂ ਆਪਣੇ ਨਾਲ ਰਲਾਉਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਅਸੀਂ ਆਪਣੇ ਇਲਾਕਿਆਂ ਨੂੰ ਛੱਡ ਦੂਰ ਦੁਰਾਡੇ ਹੜ ਪ੍ਰਭਾਵਿਤ ਇਲਾਕਿਆਂ ਵਿੱਚ ਜਾਣ ਦੀ ਬਜਾਏ ਆਪਣੇ ਹਲਕੇ ਵਿੱਚ ਨੇੜੇ ਤੇੜੇ ਉਹਨਾਂ ਪਰਿਵਾਰਾਂ ਦੀ ਸਾਰ ਲੈਣੀ ਚਾਹੀਦੀ ਹੈ ,ਜੋ ਇਸ ਮੌਸਮ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਉਹਨਾਂ ਕਿਹਾ ਕਿ ਮੁਸੀਬਤਾਂ ਨੇ ਪੰਜਾਬੀਆਂ ਨੂੰ ਹੋਰ ਤਕੜੇ ਕੀਤਾ ਹੈ ਅਤੇ ਪੰਜਾਬੀਆਂ ਦੀ ਆਪਸੀ ਭਾਈਚਾਰਕ ਸਾਂਝ ਅਤੇ ਪਿਆਰ ਨੂੰ ਹੋਰ ਮਜਬੂਤੀ ਬਖਸ਼ੀ ਹੈ। ਕਿਉਂਕਿ ਪੰਜਾਬੀ ਇਹਨਾਂ ਮੁਸੀਬਤਾਂ ਵਿੱਚ ਇੱਕਜੁੱਟ ਹੁੰਦਿਆਂ ਇੱਕ ਦੂਜੇ ਦਾ ਸਾਥ ਦੇ ਕੇ ਆਪਣੇ ਰਿਸ਼ਤਿਆਂ ਨੂੰ ਹੋਰ ਮਜਬੂਤ ਕਰਦੇ ਹੋਏ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹੇ ਹਨ।

# ਲਗਾਤਾਰ ਭਾਰੀ ਮੀਂਹ ਕਾਰਨ ਗਰੀਬ ਮਜ਼ਦੂਰ ਦਾ ਘਰ ਡਿੱਗਿਆ, ਮੁਆਵਜ਼ੇ ਦੀ ਮੰਗ





**ਭਵਾਨੀਗੜ੍ਹ, 3 ਸਤੰਬਰ (ਰਾਜ ਖੁਰਮੀ)**: ਸਥਾਨਕ ਇਲਾਕੇ ਦੇ ਨੇੜਲੇ ਪਿੰਡ ਕਾਕੜਾ ਵਿੱਚ ਭਾਰੀ ਮੀਂਹ ਪੈਣ ਕਾਰਨ ਇੱਕ ਗਰੀਬ ਮਜ਼ਦੂਰ ਦਾ ਘਰ ਬੁਰੀ ਤਰ੍ਹਾਂ ਨੁਕਸਾਨ ਹੋ ਗਿਆ ।ਪਿੰਡ ਦੀ ਸਰਪੰਚ ਮਨਦੀਪ ਕੌਰ ਦੇ ਪਤੀ ਮੇਜਰ ਸਿੰਘ ਨੇ ਦੱਸਿਆ ਕਿ ਅਮਰੀਕ ਸਿੰਘ ਪੁੱਤਰ ਦਲੀਪ ਸਿੰਘ ਜੋ ਮਜ਼ਦੂਰੀ ਕਰਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਕਰਦਾ ਹੈ, ਉਸ ਦੇ ਘਰ ਦੀਆਂ ਕੜੀਆਂ ਅਤੇ ਸਤੀਰਾਂ ਭਾਰੀ ਬਾਰਿਸ਼ ਕਾਰਨ ਟੁੱਟ ਗਈਆਂ। ਇਸ ਨਾਲ ਘਰ ਦੀ ਸੱਤ ਡਿੱਗਣ ਨਾਲ ਉਸ ਨੂੰ ਵੱਡਾ ਆਰਥਿਕ ਨੁਕਸਾਨ ਹੋਇਆ ਹੈ। ਉਹਨਾਂ ਨੇ ਸਰਕਾਰ ਕੋਲ ਅਮਰੀਕ ਸਿੰਘ ਨੂੰ ਤੁਰੰਤ ਮੁਆਵਜ਼ਾ ਦੇਣ ਦੀ ਮੰਗ ਕੀਤੀ ਹੈ, ਤਾਂ ਜੋ ਉਸ ਦਾ ਪਰਿਵਾਰ ਮੁੜ ਛੱਤ ਹੇਠ ਆ ਸਕੇ। ਇਸ ਮੌਕੇ ਗ੍ਰਾਮ ਪੰਚਾਇਤ ਦੇ ਮੈਂਬਰ ਸਿੰਦਰਪਾਲ ਸਿੰਘ, ਹਰਵਿੰਦਰ ਸਿੰਘ ਸਮੇਤ ਕਈ ਪਿੰਡ ਵਾਸੀ ਵੀ ਹਾਜ਼ਰ ਸਨ।

# ਖੱਤਰੀ ਬਿਰਾਦਰੀ ਵੈਲਫੇਅਰ ਸੋਸਾਇਟੀ ਵੱਲੋਂ ਹੜ ਪੀੜਤਾਂ ਦੀ ਸਹਾਇਤਾ ਲਈ ਦਵਾਈਆਂ ਅਤੇ ਸੁੱਕਾ ਰਾਸ਼ਨ ਦਾ ਲਗਾਇਆ ਲੰਗਰ



**ਜਲਾਲਾਬਾਦ 3 ਸਤੰਬਰ (ਗਗਨ ਵਾਟਸ)** :- ਅੱਜ ਬਾਰਡਰ ਦੇ ਸਭ ਤੋਂ ਪਹਿਲੇ ਪਿੰਡ ਢਾਣੀ ਬਚਨ ਸਿੰਘ ਦਾਖਲੇ ਚੱਕ ਖੀਵਾ ਵਿੱਚ ਜਿੱਥੇ ਹੜਾਂ ਦੇ ਕਾਰਨ ਬਿਮਾਰੀਆਂ ਤੇਜ਼ੀ ਨਾਲ ਫੈਲ ਰਹੀਆਂ ਸਨ ਖੱਤਰੀ ਬਿਰਾਦਰੀ ਵੈਲਫੇਅਰ ਸੋਸਾਇਟੀ ਜਲਾਲਾਬਾਦ ਵੱਲੋਂ ਦਵਾਈਆਂ ਸੁੱਕਾ ਰਾਸ਼ਨ ਅਤੇ ਸੁੱਕੇ ਦੁੱਧ ਦੀ ਸੇਵਾ ਕੀਤੀ ਗਈ। ਇਸ ਦੌਰਾਨ ਸਪੈਸ਼ਲ ਤੌਰ 'ਤੇ ਬੱਚਿਆਂ ਲਈ ਜ਼ਰੂਰੀ ਦਵਾਈਆਂ ਅਤੇ ਲੇਡੀਜ਼ ਦੀਆਂ ਖ਼ਾਸ ਜ਼ਰੂਰਤਾਂ ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ। ਇਸ ਲਈ ਉਨ੍ਹਾਂ ਲਈ ਵੱਖਰੀਆਂ ਸੁਵਿਧਾਵਾਂ ਮੁਹੱਈਆ ਕਰਵਾਈਆਂ ਗਈਆਂ ਤਾਂ ਜੋ ਕਿਸੇ ਨੂੰ ਵੀ ਕਿਸੇ ਤਰ੍ਹਾਂ ਦੀ ਤਕਲੀਫ਼ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਪਿੰਡ ਦੀ ਸਮੂਹ ਗ੍ਰਾਮ ਪੰਚਾਇਤ ਨੇ ਖੱਤਰੀ ਬਿਰਾਦਰੀ ਦੇ ਇਸ ਯੋਗਦਾਨ ਲਈ ਖਾਸ ਧੰਨਵਾਦ ਕੀਤਾ ਅਤੇ ਇਸ ਸੇਵਾ ਨੂੰ ਪਿੰਡ ਵਾਸੀਆਂ ਲਈ ਬਹੁਤ ਵੱਡਾ ਸਹਾਰਾ ਕਰਾਰ ਦਿੱਤਾ।

ਸੋਸਾਇਟੀ ਦੇ ਪ੍ਰਧਾਨ ਦੀਪਕ ਸਹਿਗਲ ਨੇ ਪਿੰਡ ਦਾ ਪੂਰਾ ਦੌਰਾ ਕਰਕੇ ਵਾਸੀਆਂ ਦੀਆਂ ਮੁਸ਼ਕਲਾਂ ਧਿਆਨ ਨਾਲ ਸੁਣੀਆਂ ਅਤੇ ਭਰੋਸਾ ਦਿੱਤਾ ਕਿ ਖੱਤਰੀ ਬਿਰਾਦਰੀ ਵੈਲਫੇਅਰ ਸੋਸਾਇਟੀ ਹੜ੍ਹਾਂ ਵਿੱਚ ਡੁੱਬੇ ਹਰ ਪਿੰਡ ਦੀ ਵੱਧ ਤੋਂ ਵੱਧ ਸਹਾਇਤਾ ਕਰੇਗੀ।

ਇਸ ਮੌਕੇ ਜਨਰਲ ਸਕੱਤਰ ਸੁਖਚੈਨ ਸਿੰਘ ਸੋਢੀ, ਸਮਾਜ ਸੇਵੀ ਜਸਵੰਤ ਸਿੰਘ ਖੱਤਰੀ, ਪ੍ਰਮੁੱਖ ਸਲਾਹਕਾਰ ਪ੍ਰਵੇਸ਼ ਖੰਨਾ ਰਿਟਾਇਰਡ ਪੰਚਾਇਤ ਆਫਿਸਰ, ਖੱਤਰੀ ਮਹਾਸਭਾ ਪੰਜਾਬ ਦੇ ਪ੍ਰੈਸ ਸਲਾਹਕਾਰ ਭਗਵਾਨ ਸਹਿਗਲ, ਡਾ. ਮਨਪ੍ਰੀਤ ਕਪੂਰ, ਡਾ. ਇਕਬਾਲ ਸੋਢੀ, ਸੰਨੀ ਕਪੂਰ ਅਤੇ ਬਰਾਦਰੀ ਦੇ ਹੋਰ ਨੁਮਾਇੰਦੇ ਵੀ ਹਾਜ਼ਰ ਰਹੇ।

# ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਹੜ ਪੀੜਤਾਂ ਵਾਸਤੇ ਡੀਜ਼ਲ ਚਾਰਾ ਅਤੇ ਅਚਾਰ ਭੇਜਿਆ

## ਹੜ ਪੀੜਤਾਂ ਦੀ ਹਰ ਸੰਭਵ ਮੱਦਦ ਜ਼ਾਰੀ ਰਹੇਗੀ: ਜਿੰਦੂ

**ਮਮਦੋਟ 3 ਸਤੰਬਰ (ਗੁਰਪ੍ਰੀਤ ਸਿੰਘ ਸੰਧੂ)** ਪਿਛਲੇ ਕਈ ਦਿਨਾਂ ਤੋਂ ਲਗਾਤਾਰ ਪੈ ਰਹੀਆਂ ਭਾਰੀ ਬਾਰਿਸ਼ਾਂ ਦੇ ਕਾਰਨ ਪੰਜਾਬ ਵਿੱਚ ਹੜਾਂ ਦੀ ਮੱਚੀ ਤਬਾਹੀ ਕਰਨ ਝੋਨੇ ਦੀ ਫਸਲ ਅਤੇ ਘਰ ਬੁਰੀ ਤਰਾ ਤਬਾਹ ਹੋ ਗਏ ਹਨ। ਸੰਕਟ ਦੀ ਘੜੀ ਵਿੱਚ ਹੜ ਪ੍ਰਭਾਵਿਤ ਲੋਕਾਂ ਦੀ ਬਾਂਹ ਫੜਨ ਲਈ ਅੱਜ ਸਰਹੱਦੀ ਬਲਾਕ ਮਮਦੋਟ ਦੇ ਪਿੰਡ ਮੁਰਕ ਵਾਲਾ ਵਿਖੇ ਸ਼੍ਰੋਮਣੀ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਸਾਬਕਾ ਵਿਧਾਇਕ ਜੋਗਿੰਦਰ ਸਿੰਘ ਜਿੰਦੂ, ਐਸ ਜੀ ਪੀ ਮੈਂਬਰ ਪ੍ਰੀਤਮ ਸਿੰਘ ਮਲਸੀਆ, ਐਸ ਜੀ ਪੀ ਮੈਂਬਰ ਦਰਸ਼ਨ ਸਿੰਘ ਸ਼ੇਰ ਖਾਂ, ਸਾਬਕਾ ਜ਼ਿਲਾ ਪ੍ਰਧਾਨ ਚਮਕੌਰ ਸਿੰਘ ਟਿੱਬੀ, ਸਾਬਕਾ ਚੇਅਰਮੈਨ ਜੋਗਾ ਸਿੰਘ ਮੁਰਕ ਵਾਲਾ, ਕੋਰ ਕਮੇਟੀ ਮੈਂਬਰ ਸੁਰਿੰਦਰ ਸਿੰਘ ਬੱਬੂ, ਵੱਲੋਂ ਪ੍ਰਭਾਵਿਤ ਖੇਤਰਾਂ ਵਿੱਚ ਟਰੈਕਟਰਾਂ ਵਾਸਤੇ ਡੀਜਲ ਪਸ਼ੂਆਂ ਵਾਸਤੇ ਹਰਾ ਚਾਰਾ ਅਤੇ ਅਚਾਰ ਭੇਜਿਆ ਗਿਆ। ਇਸ ਮੌਕੇ ਫਿਰੋਜਪੁਰ ਦਿਹਾਤੀ ਦੇ ਸਾਬਕਾ ਵਿਧਾਇਕ ਜੋਗਿੰਦਰ ਸਿੰਘ ਜਿੰਦੂ ਨੇ ਕਿਹਾ ਕਿ ਇਸ ਸੰਕਟ ਦੀ ਘੜੀ ਵਿੱਚ ਸਰਦਾਰ ਸੁਖਬੀਰ ਸਿੰਘ ਬਾਦਲ ਵੱਲੋਂ ਕੀਤੇ ਗਏ ਨਿਰਦੇਸ਼ਾਂ ਤਹਿਤ ਹੜ ਪੀੜਤਾਂ ਦੀ ਹਰ ਹੀਲੇ ਵਸੀਲੇ ਨਾਲ ਸਹਾਇਤਾ ਕੀਤੀ ਜਾ ਰਹੀ ਹੈ ਅਤੇ ਮੱਦਦ ਜ਼ਾਰੀ ਰਹੇਗੀ। ਇਸ ਤੋਂ ਇਲਾਵਾ ਯੂਥ ਵਿੰਗ ਦੇ ਜਿਲਾ ਗੁਰ ਸੁਰਿੰਦਰ ਸਿੰਘ ਬੱਬੂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਜੋ ਕਹਿੰਦਾ ਹੈ ਉਹ ਅਸਲੀਅਤ ਵਿੱਚ ਪੂਰਾ ਕਰ ਵਿਖਾਉਂਦਾ ਹੈ ਨਾ ਕਿ ਕੱਲ ਫਿਰੋਜਪੁਰ ਵਿਖੇ ਮੁੱਖ ਮੰਤਰੀ ਨੇ ਫੇਰੀ ਦੌਰਾਨ ਕੀਤੇ ਨਕਲੀ ਸਟੰਟ ਬਾਜੀ ਵਾਂਗ ਦਿਖਾਵੇ ਬਾਜੀ ਕਰਦਾ ਹੈ ਬਲਕਿ ਅਸਲੀਅਤ ਵਿੱਚ ਹੜ ਪੀੜਤਾਂ ਦੀ ਬਾਂਹ ਫੜਨ ਲਈ ਤਤਪਰ ਰਹਿੰਦਾ ਹੈ। ਉਨਾਂ ਨੇ ਇਸ ਮੌਕੇ ਦੁੱਖ ਪ੍ਰਗਟਾਉਂਦੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਅਫਗਾਨਿਸਤਾਨ ਵਿਖੇ ਆਏ ਭੂਚਾਲ ਤੇ ਪੀੜਤਾਂ ਦੀ ਸਹਾਇਤਾ ਕਰਨ ਲਈ ਅੱਗੇ ਆਏ ਹਨ ਪਰ ਘਰ ਦੇ ਪੀੜਤ ਮੈਂਬਰਾਂ ਦੀ ਰਤਾ ਵੀ ਸਾਰ ਨਹੀਂ ਲਈ। ਉਹਨਾਂ ਕਿਹਾ ਕਿ ਹੜ ਪੀੜਤਾ ਵਾਸਤੇ ਵਿਸ਼ੇਸ਼ ਪੈਕੇਜ ਦਾ ਐਲਾਨ ਕਰਕੇ ਬਾਂਹ ਫੜਨੀ ਚਾਹੀਦੀ ਹੈ।ਇਸ ਮੌਕੇ ਯੂਥ ਅਕਾਲੀ ਦਲ ਦੇ ਜਨ:ਸਕੱਤਰ ਮਨਪ੍ਰੀਤ ਸਿੰਘ ਮਮਦੋਟ, ਸਰਕਲ ਪ੍ਰਧਾਨ ਜੱਜਬੀਰ ਸਿੰਘ ਮੁਰਕ ਵਾਲਾ, ਅਮਰੀਕ ਸਿੰਘ ਮਮਦੋਟ ਜ਼ਿਲਾ ਪ੍ਰਧਾਨ ਕਿਸਾਨ ਯੂਨੀਅਨ, ਯੂਥ ਆਗੂ ਹਰਪ੍ਰੀਤ ਸਿੰਘ ਸ਼ੇਰ ਖਾਂ, ਗੁਰਪ੍ਰੀਤ ਸਿੰਘ ਮਾਹਣੇ ਵਾਲਾ, ਬਲਵੰਤ ਸਿੰਘ ਗਡੋਡੂ, ਗੁਰਵਿੰਦਰ ਸਿੰਘ ਖਾਰਾ, ਡੱਬੂ ਗਿੱਲ,ਬਲਜੀਤ ਸਿੰਘ ਹਸਨੇ ਵਾਲਾ, ਮੋਹਨਜੀਤ ਸਿੰਘ ਚੰਗਾਲੀ, ਸੁਖਵਿੰਦਰ ਸਿੰਘ ਨੰਬਰਦਾਰ ਦੋਨਾਂ ਰਹਿਮਤ, ਇੰਦਰਜੀਤ ਸਿੰਘ ਟਿੱਬੀ,ਗੁਰਪ੍ਰੀਤ ਸਿੰਘ ਕੁੱਲ,ਸਾਹਿਬ ਸਿੰਘ ਸਾਹਨਕੇ,ਅਰਸ਼ ਸਰਪੰਚ,ਕਿਸਾਨ ਆਗੂ ਮਹਿੰਦਰ ਸਿੰਘ ਵਧੋਣ, ਨਿਰਵੈਰ ਸਿੰਘ ਖਾਰਾ,ਕਰਨ ਸਿੱਧੂ, ਹਰਭੇਜ ਸਿੰਘ ਸਾਹਨਕੇ, ਸੁਰਿੰਦਰ ਕਾਲਾ ਪ੍ਰਧਾਨ ਮਮਦੋਟ, ਡਿੰਪਲ ਗਿੱਲ, ਰਸ਼ਪਾਲ ਸਿੰਘ ਹਰੀਮੇ ਕੇ ਸਮੇਤ ਸ਼ਿਰੋਮਣੀ ਕਮੇਟੀ ਦੇ ਮੈਂਬਰ ਆਦਿ ਵੀ ਹਾਜ਼ਿਰ ਸਨ।



# ਸਮਾਜਿਕ ਸੇਵਾ ਅਤੇ ਨੌਜਵਾਨਾਂ ਦੇ ਸ਼ਕਤੀਕਰਨ ਦੀ ਪ੍ਰੇਰਣਾ ਦਾ ਸਰੋਤ - ਸਾਬਕਾ ਸਿਹਤ ਮੰਤਰੀ ਲਕਸ਼ਮੀਕਾਂਤਾ ਚਾਵਲਾ ਨੇ ਅੰਮ੍ਰਿਤਸਰ ਗਰੁੱਪ ਐਨ.ਸੀ.ਸੀ. ਦਾ ਕੀਤਾ ਦੌਰਾ





**ਅੰਮ੍ਰਿਤਸਰ 3 ਸਤੰਬਰ ਸੋਨੂੰ ਨਰੂਲਾ**- ਸਾਬਕਾ ਸਿਹਤ ਮੰਤਰੀ ਲਕਸ਼ਮੀਕਾਂਤਾ ਚਾਵਲਾ ਵਲੋਂ ਅੰਮ੍ਰਿਤਸਰ ਗਰੁੱਪ ਐਨ.ਸੀ.ਸੀ. ਦੌਰੇ ਦੌਰਾਨ ਨੇ ਬ੍ਰਿਗੇਡੀਅਰ ਕੇ.ਐਸ. ਬਾਵਾ, ਗਰੁੱਪ ਕਮਾਂਡਰ ਨੇ ਸਵਾਗਤ ਕਰਦਿਆਂ ਕਿਹਾ ਕਿ ਅੰਮ੍ਰਿਤਸਰ ਗਰੁੱਪ ਐਨ.ਸੀ.ਸੀ. ਨੂੰ ਇਹ ਮਾਣ ਪ੍ਰਾਪਤ ਹੋਇਆ ਕਿ ਉਹ ਸਾਡੇ ਵਿੱਚ ਆਏ ਹਨ। ਉਨਾਂ ਨੇ ਸਮਾਜ ਸੇਵਾ ਲਈ ਆਪਣੀ ਜ਼ਿੰਦਗੀ ਸਮਰਪਿਤ ਕੀਤੀ।

ਉਨਾਂ ਦੱਸਿਆ ਕਿ ਚਾਵਲਾ ਨੇ ਆਪਣੀ ਪੂਰੀ ਜ਼ਿੰਦਗੀ ਨਿਸ਼ਕਾਮ ਸਮਾਜਿਕ ਸੇਵਾ ਨੂੰ ਸਮਰਪਿਤ ਕੀਤਾ ਹੈ। ਆਪਣੀ ਜਵਾਨੀ ਦੇ ਦਿਨਾਂ ਤੋਂ ਹੀ ਉਹ ਸਮਾਜਿਕ ਬੁਰਾਈਆਂ ਦੇ ਖ਼ਿਲਾਫ਼ ਨਿਡਰ ਯੋਧਾ ਅਤੇ ਪਿੱਛੜੇ ਵਰਗਾਂ ਦੀ ਮਜ਼ਬੂਤ ਵਕੀਲ ਵਜੋਂ ਉਭਰੀਆਂ। ਸਿਹਤ ਮੰਤਰੀ ਦੇ ਤੌਰ 'ਤੇ ਉਨ੍ਹਾਂ ਦਾ ਯੋਗਦਾਨ ਯਾਦਗਾਰ ਰਹੇਗਾ, ਜਦੋਂ ਉਨ੍ਹਾਂ ਨੇ ਹਸਪਤਾਲਾਂ, ਜਨ ਸਿਹਤ ਸੰਰਚਨਾ ਅਤੇ ਬਿਮਾਰੀਆਂ ਤੋਂ ਬਚਾਅ ਲਈ ਜਾਗਰੂਕਤਾ ਮੁਹਿੰਮਾਂ ਨੂੰ ਸੁਧਾਰਨ ਲਈ ਬੇਮਿਸਾਲ ਕੋਸ਼ਿਸ਼ਾਂ ਕੀਤੀਆਂ। ਆਪਣੇ ਦੌਰੇ ਦੌਰਾਨ, ਸ਼੍ਰੀਮਤੀ ਚਾਵਲਾ ਨੇ ਬ੍ਰਿਗੇਡੀਅਰ ਕੇ.ਐਸ. ਬਾਵਾ, ਗਰੁੱਪ ਕਮਾਂਡਰ ਅਤੇ ਐਨ.ਸੀ.ਸੀ. ਦੇ ਸਾਰੇ ਸਟਾਫ਼ ਨਾਲ ਮੁਲਾਕਾਤ ਕੀਤੀ ਅਤੇ ਸਿਹਤਮੰਦ, ਦਇਆਲੂ ਅਤੇ ਜ਼ਿੰਮੇਵਾਰ ਸਮਾਜ ਦੇ ਨਿਰਮਾਣ ਵੱਲ ਐਨ.ਸੀ.ਸੀ. ਦੇ ਯੋਗਦਾਨ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਨੂੰ ਸਰਹੱਦੀ ਇਲਾਕਿਆਂ ਦੇ ਜ਼ਿਲ੍ਹਿਆਂ ਵਿੱਚ ਐਨ.ਸੀ.ਸੀ. ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ ਗਈ, ਜਿੱਥੇ ਕੈਡਟਸ ਅਨੁਸ਼ਾਸਨ, ਦੇਸ਼ਭਗਤੀ ਅਤੇ ਆਪਦਾ ਰਾਹਤ ਸੰਬੰਧੀ ਜਾਗਰੂਕਤਾ ਫੈਲਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਨੇ ਦੇਸ਼-ਨਿਰਮਾਣ, ਸਮਾਜਿਕ ਸੇਵਾ ਅਤੇ ਨੌਜਵਾਨਾਂ ਵਿੱਚ ਨੇਤ੍ਰਤਵ ਪੈਦਾ ਕਰਨ ਲਈ ਐਨ.ਸੀ.ਸੀ. ਦੀ ਵਚਨਬੱਧਤਾ ਪ੍ਰਤੀ ਡੂੰਘੀ ਪ੍ਰਸ਼ੰਸਾ ਪ੍ਰਗਟਾਈ।

ਉਨ੍ਹਾਂ ਦਾ ਇਹ ਦੌਰਾ ਸਾਰੀ ਟੀਮ ਲਈ ਪ੍ਰੇਰਣਾਦਾਇਕ ਸਾਬਤ ਹੋਇਆ ਅਤੇ ਨਵੀਂ ਉਰਜਾ ਨਾਲ ਭਰਿਆ। ਕਾਰਜਕ੍ਰਮ ਦਾ ਸਮਾਪਨ ਗਰੁੱਪ ਕਮਾਂਡਰ ਵੱਲੋਂ ਸਨਮਾਨਿਤ ਮਹਿਮਾਨ ਨੂੰ ਇਕ ਯਾਦਗਾਰੀ ਚਿੰਨ੍ਹ ਭੇਟ ਕਰਨ ਨਾਲ ਹੋਇਆ, ਜਿਸ ਰਾਹੀਂ ਉਨ੍ਹਾਂ ਦੀ ਨਿਸ਼ਕਾਮ ਜੀਵਨ ਭਰ ਦੀ ਸੇਵਾ, ਮਹਿਲਾ ਸ਼ਕਤੀਕਰਨ ਅਤੇ ਮਜ਼ਬੂਤ ਸਮਾਜ ਦੇ ਨਿਰਮਾਣ ਵੱਲ ਯੋਗਦਾਨ ਨੂੰ ਸਨਮਾਨਿਤ ਕੀਤਾ ਗਿਆ। ਉਨ੍ਹਾਂ ਦੇ ਦੌਰੇ ਨੇ ਪ੍ਰੇਰਣਾ ਦੀ ਅਮਿਟ ਛਾਪ ਛੱਡੀ, ਜਿਸ ਨਾਲ ਪੂਰੀ ਟੀਮ ਨੂੰ ਨਿਸ਼ਕਾਮ ਸੇਵਾ ਦੇ ਇਸ ਪੁਨਿਆਤਮਕ ਕਾਰਜ ਨੂੰ ਅੱਗੇ ਵਧਾਉਣ ਲਈ ਨਵਾਂ ਜੋਸ਼ ਪ੍ਰਾਪਤ ਹੋਇਆ।



# ਸ਼੍ਰੋਮਣੀ ਅਕਾਲੀ ਦਲ ਦੇ ਜੁਝਾਰੂ ਵਰਕਰਾਂ ਨੇ ਪੀੜਤਾਂ ਦੀ ਫੜੀ ਬਾਂਹ

**ਤਪਾ ਮੰਡੀ, 3 ਸਤੰਬਰ (ਅਰੁਣ ਗੋਇਲ)** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜਿੱਥੇ ਸਮੁੱਚੀ ਪਾਰਟੀ ਵੱਲੋਂ ਹੜ ਪੀੜਤਾਂ ਦੀ ਮਦਦ ਲਈ ਦਿਨ ਰਾਤ ਇੱਕ ਕੀਤਾ ਜਾ ਰਿਹਾ ਹੈ, ਉੱਥੇ ਦੂਜੇ ਪਾਸੇ ਤਪਾ ਇਲਾਕੇ ਅੰਦਰ ਪਾਰਟੀ ਦੇ ਜੁਝਾਰੂ ਵਰਕਰ ਵੀ ਲੋਕ ਸੇਵਾ 'ਚ ਡਟੇ ਹੋਏ ਹਨ, ਜਿਨਾਂ ਵੱਲੋਂ ਬਰਸਾਤ ਦੇ ਚਲਦਿਆਂ ਪੀੜਤਾਂ ਦੀ ਬਾਂਹ ਫੜੀ ਜਾ ਰਹੀ ਹੈ। ਇਸੇ ਲੜੀ ਤਹਿਤ ਪਾਰਟੀ ਦੇ ਸੀਨੀਅਰ ਆਗੂ ਤਰਲੋਚਨ ਬਾਂਸਲ ਵੱਲੋਂ ਤਪਾ ਦੀ ਬਾਜ਼ੀਗਰ ਬਸਤੀ ਵਿਖੇ ਬਰਸਾਤ ਕਾਰਨ 100 ਤੋਂ ਵੱਧ ਪਰਿਵਾਰਾਂ ਨੂੰ ਤਿਰਪਾਲਾਂ ਵੰਡੀਆਂ,ਜਿਨਾਂ ਦੀਆਂ ਛੱਤਾਂ ਵਿਚੋਂ ਪਾਣੀ ਸਿਮ ਰਿਹਾ ਸੀ। ਇਸ ਮੌਕੇ ਭਗਵਾਨ ਸਿੰਘ ਭਾਨਾ ਮੋੜ, ਸਰਪੰਚ ਡੋਗਰ ਸਿੰਘ,ਯੂਥ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਸੁਖਦੀਪ ਸਿੰਘ ਸੀਪਾ,ਭਗਵੰਤ ਚੱਠਾ, ਸਾਬਕਾ ਕੌਂਸਲਰ ਗੁਰਮੀਤ ਸਿੰਘ ਰੋੜ, ਗੁਰਜਿੰਦਰ ਸਿੰਘ, ਹਰਦੀਪ ਛੰਨਾ ਆਦਿ ਨੇ ਉਹਨਾਂ ਦਾ ਸਹਿਯੋਗ ਕੀਤਾ। ਇਸ ਮੌਕੇ ਪੱਤਰਕਾਰਾਂ ਦੇ ਰੂਬਰੂ ਹੁੰਦਿਆਂ ਤਰਲੋਚਨ ਬਾਂਸਲ ਨੇ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਰਹਿਨੁਮਾਈ ਹੇਠ ਉਹਨਾਂ ਵੱਲੋਂ ਇੱਕਜੁੱਟ ਹੋ ਕਿ ਇਸ ਔਖੇ ਸਮੇਂ ਵਿਚ ਘਰ ਘਰ ਬਸਤੀਆਂ ਦੇ ਵਿਚ ਜਾ ਕੇ ਪੀੜਤ ਪਰਿਵਾਰਾਂ ਦੀ ਹਰ ਤਰ੍ਹਾਂ ਨਾਲ ਸੰਭਵ ਮਦਦ ਕੀਤੀ ਜਾ ਰਹੀ ਹੈ। ਉਹਨਾਂ ਆਖਿਆ ਕਿ ਇਸ ਔਖੇ ਸਮੇਂ ਦੇ ਚੱਲਦਿਆਂ ਕਿਸੇ ਵੀ ਪਰਿਵਾਰ ਨੂੰ ਕੋਈ ਵੀ ਸਮੱਸਿਆ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ, ਜਦਕਿ ਇਸ ਤੋਂ ਪਹਿਲਾਂ ਵੀ ਉਹਨਾਂ ਵੱਲੋਂ ਹੋਰ ਵੀ ਵੱਖ-ਵੱਖ ਬਸਤੀਆਂ 'ਚ ਤਿਰਪਾਲਾ ਵੰਡ ਕੇ ਪਰਿਵਾਰਾਂ ਨੂੰ ਵੱਡੀ ਰਾਹਤ ਦਿੱਤੀ ਗਈ ਹੈ। ਇਸ ਮੌਕੇ ਸਮੁੱਚੀ ਬਸਤੀ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਜੁਝਾਰੂ ਵਰਕਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਵਿੱਚ ਐਮ.ਬੀ.ਬੀ.ਐਸ. ਦੀਆਂ 50 ਹੋਰ ਸੀਟਾਂ ਮਨਜ਼ੂਰ : ਸੇਖੋਂ



**ਕੋਟਕਪੂਰਾ, 3 ਸਤੰਬਰ (ਟਿੰਕੂ ਕੁਮਾਰ)** :- ਪੰਜਾਬ ਦੇ ਸਿਹਤ ਖੇਤਰ ਲਈ ਇਕ ਹੋਰ ਇਤਿਹਾਸਕ ਉਪਲਬਧੀ ਦਰਜ ਕਰਦਿਆਂ, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਫ਼ਰੀਦਕੋਟ ਵਿੱਚ ਐਮ.ਬੀ.ਬੀ.ਐਸ. ਕੋਰਸ ਦੀਆਂ 50 ਹੋਰ ਸੀਟਾਂ ਵਧਾਉਣ ਦੀ ਮਨਜ਼ੂਰੀ ਮਿਲ ਗਈ ਹੈ। ਨੈਸ਼ਨਲ ਮੈਡੀਕਲ ਕੌਂਸਲ (ਐਨ.ਐਮ.ਸੀ) ਵੱਲੋਂ ਦਿੱਤੀ ਗਈ ਇਸ ਮਨਜ਼ੂਰੀ ਨਾਲ ਕਾਲਜ ਵਿੱਚ ਐਮ.ਬੀ.ਬੀ.ਐਸ. ਦੀਆਂ ਕੁੱਲ ਸੀਟਾਂ ਦੀ ਗਿਣਤੀ ਹੁਣ 200 ਹੋ ਜਾਵੇਗੀ। ਇਹ ਉਪਲਬਧੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਬਾਬਾ ਫ਼ਰੀਦ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਰਾਜੀਵ ਸੂਦ ਅਤੇ ਸਿਹਤ ਵਿਭਾਗ ਦੇ ਲਗਾਤਾਰ ਯਤਨਾਂ ਦਾ ਨਤੀਜਾ ਹੈ। ਇਸ ਖ਼ੁਸ਼ਖਬਰੀ ਦੀ ਜਾਣਕਾਰੀ ਦਿੰਦਿਆਂ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸੂਬੇ ਵਿੱਚ ਸਿਹਤ ਅਤੇ ਸਿੱਖਿਆ ਖੇਤਰਾਂ ਵਿੱਚ ਗੁਣਵੱਤਾ ਸੁਧਾਰ ਲਈ ਵਚਨਬੱਧ ਹੈ। ਸਰਕਾਰ ਬਣਨ ਤੋਂ ਪਹਿਲਾਂ, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਵਿੱਚ ਕੇਵਲ 100 ਐਮ.ਬੀ.ਬੀ.ਐਸ. ਸੀਟਾਂ ਸਨ। ਸਾਲ 2023 ਵਿੱਚ 50 ਸੀਟਾਂ ਵਧਾ ਕੇ ਇਹ ਗਿਣਤੀ 150 ਤੱਕ ਪਹੁੰਚੀ ਸੀ ਅਤੇ ਹੁਣ ਹੋਰ 50 ਸੀਟਾਂ ਦੇ ਵਾਧੇ ਨਾਲ ਇਹ ਗਿਣਤੀ 200 ਹੋ ਗਈ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਸ ਮਹੱਤਵਪੂਰਨ ਫ਼ੈਸਲੇ ਨਾਲ ਸਿਰਫ਼ ਸੂਬੇ ਦੇ ਨੌਜਵਾਨਾਂ ਲਈ ਮੈਡੀਕਲ ਸਿੱਖਿਆ ਦੇ ਹੋਰ ਮੌਕੇ ਹੀ ਨਹੀਂ ਬਣਨਗੇ, ਸਗੋਂ ਪੰਜਾਬ ਦੇ ਲੋਕਾਂ ਨੂੰ ਉੱਚ ਪੱਧਰੀ ਇਲਾਜੀ ਸਹੂਲਤਾਂ ਵੀ ਹੋਰ ਵਧੀਆ ਤਰੀਕੇ ਨਾਲ ਮਿਲ ਸਕਣਗੀਆਂ। ਵਧੀਆਂ ਸੀਟਾਂ ਨਾਲ ਕਾਲਜ ਦੀ ਸਮਰੱਥਾ ਵਧੇਗੀ, ਸਟਾਫ਼ ਅਤੇ ਸਹੂਲਤਾਂ ਵਿੱਚ ਵੀ ਸੁਧਾਰ ਹੋਵੇਗਾ, ਜਿਸ ਨਾਲ ਫ਼ਰੀਦਕੋਟ ਹੀ ਨਹੀਂ ਸਗੋਂ ਪੂਰੇ ਮਾਲਵਾ ਖੇਤਰ ਦੇ ਮਰੀਜ਼ਾਂ ਨੂੰ ਲਾਭ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਫ਼ੈਸਲਾ ਪੰਜਾਬ ਨੂੰ ਸਿਹਤ ਖੇਤਰ ਵਿੱਚ ਹੋਰ ਮਜ਼ਬੂਤ ਬਣਾਉਣ ਵੱਲ ਇਕ ਵੱਡਾ ਕਦਮ ਹੈ ਅਤੇ ਮੈਡੀਕਲ ਖੇਤਰ ਵਿੱਚ ਕਾਬਲ ਡਾਕਟਰਾਂ ਦੀ ਉਤਪਤੀ ਲਈ ਇੱਕ ਸੁਨਹਿਰਾ ਮੌਕਾ ਹੈ।

# ਲੋਕਾਂ ਦੀ ਪਰੇਸ਼ਾਨੀ ਦੇ ਜਲਦ ਹੱਲ ਲਈ ਗੰਭੀਰ ਨਜ਼ਰ ਨਹੀਂ ਆ ਰਹੀਆਂ ਪੰਜਾਬ ਤੇ ਕੇਂਦਰ ਦੀਆਂ ਸਰਕਾਰਾਂ : ਅਰੁਣਾ ਚੌਧਰੀ

## ਸਾਬਕਾ ਕੈਬਨਿਟ ਮੰਤਰੀ ਨੇ ਹੜ ਪੀੜਤਾਂ ਨੂੰ ਵੰਡੀ ਰਾਹਤ ਸਮੱਗਰੀ , ਹੜ ਪੀੜਤਾਂ ਨੂੰ ਢੁੱਕਵਾਂ ਮੁਆਵਜ਼ਾ ਦਿਵਾਉਣ ਲਈ ਕੋਸ਼ਿਸ਼ਾਂ ਜਾਰੀ ਰੱਖਾਂਗੇ : ਅਸ਼ੋਕ ਚੌਧਰੀ





**ਗੁਰਦਾਸਪੁਰ/ਦੀਨਾਨਗਰ, 3ਸਤੰਬਰ (ਸਰਬਜੀਤ ਸਾਗਰ)** ਵਿਧਾਇਕਾ ਅਰੁਣਾ ਚੌਧਰੀ ਵੱਲੋਂ ਹੜ ਪੀੜਤਾਂ ਦੀ ਮਦਦ ਲਈ ਸ਼ੁਰੂ ਕੀਤੀ ਗਈ ਮੁਹਿੰਮ ਦੇ ਤਹਿਤ ਪਿੰਡ ਬਾਉਪੁਰ ਜੱਟਾਂ, ਗਾਹਲੜੀ, ਮੁਗਲਾਨੀਚੱਕ, ਨੌਸ਼ਹਿਰਾ, ਸੰਘੋਰ, ਸਲਾਮਪੁਰ ਅਤੇ ਚੱਕਰਾਜਾ ਵਿਖੇ ਸੈਕੜੇ ਪਰਿਵਾਰਾਂ ਨੂੰ ਖਾਣ ਪੀਣ ਦਾ ਸਮਾਨ ਅਤੇ ਹੋਰ ਰਾਹਤ ਸਮੱਗਰੀ ਵੰਡ ਕੇ ਉਨਾਂ ਦੀ ਮਦਦ ਕੀਤੀ ਗਈ। ਇਸ ਦੌਰਾਨ ਅਰੁਣਾ ਚੌਧਰੀ ਅਤੇ ਸੀਨੀਅਰ ਕਾਂਗਰਸ ਨੇਤਾ ਅਸ਼ੋਕ ਚੌਧਰੀ ਨੇ ਉਕਤ ਪਿੰਡਾਂ ਵਿੱਚ ਪਹੁੰਚ ਕੇ ਹੜ ਦੀ ਮਾਰ ਨਾਲ ਸਤਾਏ ਲੋਕਾਂ ਨੂੰ ਹੌਸਲਾ ਦਿੱਤਾ ਅਤੇ ਕਿਹਾ ਕਿ ਇਸ ਕੁਦਰਤੀ ਆਫ਼ਤ ਦਾ ਸਾਨੂੰ ਮਿਲ ਜੁਲ ਕੇ ਮੁਕਾਬਲਾ ਕਰਨਾ ਚਾਹੀਦਾ ਹੈ ਅਤੇ ਆਪਣੇ ਤੋਂ ਮਾੜੇ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ। ਉਨਾਂ ਕਿਹਾ ਕਿ ਪਾਣੀ ਘਟਣ ਕਾਰਨ ਲੋਕਾਂ ਨੂੰ ਥੋੜੀ ਰਾਹਤ ਜ਼ਰੂਰ ਮਿਲੀ ਹੈ ਪਰ ਪ੍ਰਭਾਵਿਤ ਹੋਏ ਪਿੰਡਾਂ ਵਿੱਚ ਅਜੇ ਵੀ ਹਾਲਾਤ ਮਾੜੇ ਹਨ, ਜਿਨਾਂ ਪ੍ਰਤੀ ਉਨਾਂ ਨੂੰ ਪੂਰੀ ਹਮਦਰਦੀ ਹੈ ਅਤੇ ਉਹ ਇਸ ਮੁਸੀਬਤ ਦੇ ਵਕਤ ਉਨਾਂ ਦੇ ਨਾਲ ਖੜੇ ਹਨ।

ਅਰੁਣਾ ਚੌਧਰੀ ਨੇ ਕਿਹਾ ਕਿ ਹੜ ਨਾਲ ਹੋਏ ਨੁਕਸਾਨ ਦਾ ਮੁਆਵਜ਼ਾ ਦਿਵਾਉਣ ਲਈ ਉਹ ਲਗਾਤਾਰ ਪੰਜਾਬ ਸਰਕਾਰ ਅਤੇ ਕੇਂਦਰ ਨੂੰ ਅਪੀਲ ਕਰ ਰਹੇ ਹਨ ਪਰ ਸਰਕਾਰਾਂ ਲੋਕਾਂ ਦੀ ਪਰੇਸ਼ਾਨੀ ਦੇ ਜਲਦ ਹੱਲ ਲਈ ਗੰਭੀਰ ਨਜ਼ਰ ਨਹੀਂ ਆ ਰਹੀਆਂ। ਜੋ ਕਿ ਚੰਗੀ ਗੱਲ ਨਹੀਂ ਹੈ। ਅਸ਼ੋਕ ਚੌਧਰੀ ਨੇ ਕਿਹਾ ਕਿ ਕਾਂਗਰਸ ਸਰਕਾਰ ਵੇਲੇ ਹਰ ਗਰੀਬ-ਗੁਰਬੇ ਦੀ ਗੱਲ ਸੁਣੀ ਜਾਂਦੀ ਸੀ ਅਤੇ ਲੋੜਵੰਦਾਂ ਦੇ ਮਸਲਿਆਂ ਨੂੰ ਗੰਭੀਰਤਾ ਨਾਲ ਲਿਆ ਜਾਂਦਾ ਸੀ ਪਰ ਮੌਜੂਦਾ ਸਰਕਾਰਾਂ ਦੇ ਰਾਜ ਅੰਦਰ ਹਾਲਾਤ ਵੱਖਰੇ ਹਨ। ਉਨਾਂ ਵਿਸ਼ਵਾਸ ਦਿਵਾਇਆ ਕਿ ਉਹ ਹੜ ਪੀੜਤਾਂ ਨੂੰ ਢੁੱਕਵਾਂ ਮੁਆਵਜ਼ਾ ਦਿਵਾਉਣ ਲਈ ਆਪਣੀਆਂ ਕੋਸ਼ਿਸ਼ਾਂ ਲਗਾਤਾਰ ਜਾਰੀ ਰੱਖਣਗੇ।

ਇਸ ਮੌਕੇ ਸਾਬਕਾ ਚੇਅਰਮੈਨ ਹਰਵਿੰਦਰ ਸਿੰਘ ਭੱਟੀ, ਵਰਿੰਦਰ ਸਿੰਘ ਨੌਸ਼ਹਿਰਾ, ਦਲਬੀਰ ਸਿੰਘ ਬਿੱਟੂ, ਵਿਜੇ ਸ਼ਰਮਾ, ਰੰਮੀ ਠਾਕੁਰ, ਮਨੀਸ਼ ਕਪੂਰ ਗਾਂਧੀਆਂ, ਕੁਲਦੀਪ ਸਿੰਘ ਮੱਟਮ, ਪ੍ਰਸ਼ੋਤਮ ਪੱਪਾ ਚੌਤਾ, ਦਿੱਗਵਿਜੇ ਸਿੰਘ, ਦੇਸ ਰਾਜ ਜੰਡੀ, ਅੰਮ੍ਰਿਤ ਸੰਧੂ, ਨਵਤੇਜ ਸਿੰਘ ਜਕੜੀਆ, ਕਮਲਜੀਤ ਸਿੰਘ ਚੀਮਾ, ਚਿੰਟੂ ਓਮ ਅਤੇ ਸ਼ਿੰਗਾਰਾ ਸਿੰਘ ਤੋਂ ਇਲਾਵਾ ਹੋਰ ਕਾਂਗਰਸੀ ਵਰਕਰ ਹਾਜ਼ਰ ਸਨ।

# 6 ਕਰੋੜ ਦੀ ਲਾਗਤ ਨਾਲ ਨਵੇਂ ਬਣੇ ਪ੍ਰਬੰਧਕੀ ਕੰਪਲੈਕਸ ਦੀ ਬਾਰਿਸ਼ ਦੌਰਾਨ ਹਾਲਤ ਬੇਨਕਾਬ









**ਭਵਾਨੀਗੜ੍ਹ, 3 ਸਤੰਬਰ (ਰਾਜ ਖੁਰਮੀ)**-ਸਥਾਨਕ ਸ਼ਹਿਰ ਤੇ ਇਲਾਕੇ ਵਿੱਚ ਪਿਛਲੇ ਕਈ ਦਿਨਾਂ ਤੋਂ ਪੈ ਰਹੀ ਲਗਾਤਾਰ ਬਾਰਿਸ਼ ਨੇ ਨਗਰ ਨਿਕਾਸੀ ਪ੍ਰਬੰਧਾਂ ਦੀਆਂ ਕਮਜ਼ੋਰੀਆਂ ਨੂੰ ਉਜਾਗਰ ਕਰ ਦਿੱਤਾ ਹੈ। ਸ਼ਹਿਰ ਦੇ ਜ਼ਿਆਦਾਤਰ ਇਲਾਕੇ ਮੀਂਹ ਦੇ ਪਾਣੀ ਵਿੱਚ ਡੁੱਬੇ ਹੋਏ ਹਨ ਜਿਸ ਕਾਰਨ ਆਮ ਲੋਕਾਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਇਸ ਭਾਰੀ ਮੀਂਹ ਦੌਰਾਨ ਬਾਲਦ ਕੋਠੀ ਵਿਖੇ ਨਵੇਂ ਬਣੇ ਸਬ-ਡਿਵੀਜ਼ਨ ਕੰਪਲੈਕਸ ਦੀਆਂ ਖਾਮੀਆਂ ਸਾਹਮਣੇ ਆ ਗਈਆਂ। ਮੁੱਖ ਤੌਰ 'ਤੇ ਐਸਡੀਐਮ ਤੇ ਤਹਿਸੀਲਦਾਰ ਦੇ ਦਫ਼ਤਰਾਂ ਵਾਲੇ ਇਸ ਕੰਪਲੈਕਸ ਦੀ ਚਾਰਦੀਵਾਰੀ ਦਾ ਲਗਭਗ 10 ਤੋਂ 12 ਫੁੱਟ ਹਿੱਸਾ ਡਿੱਗ ਗਿਆ। ਇਸ ਦੇ ਨਾਲ ਹੀ ਕੰਪਲੈਕਸ ਅੰਦਰ ਪਾਣੀ ਦਰਵਾਜ਼ਿਆਂ ਤੇ ਖਿੜਕੀਆਂ ਰਾਹੀਂ ਵਹਿੰਦਾ ਹੋਇਆ ਲਿਫਟ ਤੱਕ ਪਹੁੰਚ ਗਿਆ, ਜਿਸਨੂੰ ਕਰਮਚਾਰੀ ਵਾਈਪਰਾਂ ਨਾਲ ਕੱਢਦੇ ਨਜ਼ਰ ਆਏ। ਕੰਮਕਾਜ ਲਈ ਪਹੁੰਚੇ ਆਮ ਲੋਕਾਂ ਨੂੰ ਵੀ ਗੰਭੀਰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।ਉੱਪਰਲੀ ਮੰਜ਼ਿਲ ਦੇ ਕਮਰੇ ਵੀ ਪਾਣੀ ਕਾਰਨ ਬੁਰੇ ਹਾਲਾਤਾਂ ਵਿਚ ਦਿਖਾਈ ਦਿੱਤੇ। ਕਰਮਚਾਰੀਆਂ ਨੇ ਨਾਂ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਨਵੀਂ ਇਮਾਰਤ ਬਣਨ ਦੇ ਬਾਵਜੂਦ ਛੱਤ ਤੋਂ ਪਾਣੀ ਟਪਕਣਾ ਸ਼ੁਰੂ ਹੋ ਗਿਆ ਹੈ, ਜਿਸ ਕਾਰਨ ਮਾਲ ਵਿਭਾਗ ਦੇ ਰਿਕਾਰਡ ਨੂੰ ਸੁਰੱਖਿਅਤ ਰੱਖਣਾ ਬਹੁਤ ਔਖਾ ਹੋ ਗਿਆ ਹੈ।ਲੋਕਾਂ ਨੇ ਗੰਭੀਰ ਚਿੰਤਾ ਜਤਾਉਂਦਿਆਂ ਕਿਹਾ ਕਿ ਲਗਭਗ 6 ਕਰੋੜ ਦੀ ਲਾਗਤ ਨਾਲ ਬਣਿਆ ਇਹ ਕੰਪਲੈਕਸ ਹਾਲ ਹੀ ਵਿੱਚ ਸੂਬੇ ਦੇ ਮੁੱਖ ਮੰਤਰੀ ਵੱਲੋਂ ਉਦਘਾਟਿਤ ਕੀਤਾ ਗਿਆ ਸੀ, ਪਰ ਸਿਰਫ ਕੁਝ ਹੀ ਮਹੀਨਿਆਂ ਵਿੱਚ ਇਸਦੀ ਅਜਿਹੀ ਹਾਲਤ ਨਿਰਮਾਣ ਕਾਰਜਾਂ ਦੀ ਗੁਣਵੱਤਾ 'ਤੇ ਵੱਡੇ ਸਵਾਲ ਖੜ੍ਹੇ ਕਰਦੀ ਹੈ।ਇਸ ਮਾਮਲੇ ਬਾਰੇ ਐਸਡੀਐਮ ਭਵਾਨੀਗੜ੍ਹ ਮਨਜੀਤ ਕੌਰ ਨੇ ਪੁਸ਼ਟੀ ਕਰਦਿਆਂ ਕਿਹਾ ਕਿ ਮੀਂਹ ਕਾਰਨ ਚਾਰਦੀਵਾਰੀ ਦਾ ਇੱਕ ਹਿੱਸਾ ਡਿੱਗਿਆ ਹੈ ਅਤੇ ਮਾਲ ਵਿਭਾਗ ਦੇ ਰਿਕਾਰਡ ਰੂਮ ਵਿੱਚੋਂ ਪਾਣੀ ਟਪਕਣ ਦੀ ਸ਼ਿਕਾਇਤ ਵੀ ਸਾਹਮਣੇ ਆਈ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਸਬੰਧਤ ਵਿਭਾਗ ਨੂੰ ਪੱਤਰ ਭੇਜ ਦਿੱਤਾ ਗਿਆ ਹੈ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਦਫ਼ਤਰ ਪਹੁੰਚਦੇ ਆਮ ਲੋਕਾਂ ਅਤੇ ਕਰਮਚਾਰੀਆਂ ਨੂੰ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

# ਖ਼ਾਲਸਾ ਕਾਲਜ ਭਗਤਾ 'ਚ ਸੋਸ਼ਲ ਸਾਇੰਸ ਵਿਭਾਗ ਵੱਲੋਂ ਹਫਤਾਵਾਰੀ ਪੁਸਤਕ ਰਿਵਿਊ ਸਮਾਗਮ



**ਭਗਤਾ ਭਾਈ, 3 ਸਤੰਬਰ (ਰਾਜਿੰਦਰ ਸਿੰਘ ਮਰਾਹੜ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਸਕੱਤਰ ਸੁਖਮੰਦਰ ਸਿੰਘ ਅਤੇ ਸਿਕੰਦਰ ਸਿੰਘ ਮਲੂਕਾ ਸਾਬਕਾ ਕੈਬਨਟ ਮੰਤਰੀ (ਪੰਜਾਬ ਤੇ ਅਨਰੇਰੀ ਸਕੱਤਰ) ਕਾਲਜ ਦੀ ਰਹਿਨੁਮਾਈ ਅਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਇਲਾਕੇ ਦੀ ਨਾਮਵਰ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਭਗਤਾ ਭਾਈ ਵੱਲੋਂ ਕਾਲਜ ਪ੍ਰਿੰਸੀਪਲ ਡਾ.ਸਤਿੰਦਰ ਕੌਰ ਮਾਨ ਦੀ ਅਗਵਾਈ ਹੇਠ ਕਾਲਜ ਵਿਖੇ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਕਾ ਲਾਇਬ੍ਰੇਰੀ ਵਿੱਚ ਹਫਤਾਵਾਰੀ ਪੁਸਤਕ ਰਿਵਿਊ ਪੇਸ਼ ਕੀਤੇ ਗਏ। ਇਸ ਮੌਕੇ ਲਾਈਬਰੇਰੀਅਨ ਕਿਰਨਜੀਤ ਕੌਰ ਨੇ ਦੱਸਿਆ ਕਿ ਪੁਸਤਕ ਰਿਵਿਊ ਸੁਣ ਕੇ ਵਿਦਿਆਰਥੀਆਂ ਵਿੱਚ ਪੁਸਤਕ ਪੜ੍ਹਨ ਦਾ ਉਤਸ਼ਾਹ ਪੈਦਾ ਹੁੰਦਾ ਹੈ। ਇਸ ਉਪਰੰਤ ਸੋਸ਼ਲ ਸਾਇੰਸ ਵਿਭਾਗ ਵੱਲੋਂ ਆਪਣਾ ਪੁਸਤਕ ਰਿਵਿਊ ਪੇਸ਼ ਕੀਤਾ ਗਿਆ। ਜਿਸ ਵਿੱਚ ਸੋਸ਼ਲ ਸਾਇੰਸ ਵਿਭਾਗ ਦੇ ਮੁਖੀ ਡਾ. ਰਮਨਪ੍ਰੀਤ ਕੌਰ ਵੱਲੋਂ ਡਾ.ਗੰਡਾ ਸਿੰਘ ਦੀ ਪੁਸਤਕ 'ਜੱਸਾ ਸਿੰਘ ਆਹਲੂਵਾਲੀਆ' ਦਾ ਰਿਵਿਊ ਪੇਸ਼ ਕੀਤਾ ਗਿਆ। ਜਿਸ ਵਿੱਚ ਉਹਨਾਂ ਨੇ ਉਸ ਸਮੇਂ ਦੀ ਸਮਾਜਿਕ ਆਰਥਿਕ ਅਤੇ ਰਾਜਨੀਤਿਕ ਸਥਿਤੀ ਨੂੰ ਬਖੂਬੀ ਬਿਆਨ ਕੀਤਾ। ਪ੍ਰੋਫੈਸਰ ਗੁਰਪ੍ਰੀਤ ਕੌਰ ਨੇ ਰੋਂਡੇ ਵਰਨੇ ਦੀ ਪੁਸਕਤ 'ਦ ਸੀਕਰੇਟ' ਦਾ ਰਿਵਿਊ ਪੇਸ਼ ਕੀਤਾ। ਜਿਸ ਵਿੱਚ ਉਹਨਾਂ ਨੇ ਇਹ ਦੱਸਿਆ ਕਿ ਸਾਨੂੰ ਹਮੇਸ਼ਾ ਸਕਾਰਾਤਮਕ ਸੋਚਣਾ ਚਾਹੀਦਾ ਹੈ ਨਕਾਰਾਤਮਕ ਸੋਚ ਨਹੀਂ ਰੱਖਣੀ ਚਾਹੀਦੀ। ਜ਼ਿੰਦਗੀ ਵਿੱਚ ਅਸੀਂ ਜੋ ਕੁਝ ਵੀ ਸੋਚਦੇ ਹਾਂ ਉਹੀ ਸਾਡੇ ਨਾਲ ਵਾਪਰਦਾ ਹੈ। ਇਸ ਤੋਂ ਬਾਅਦ ਬੀ.ਏ ਭਾਗ ਦੂਜਾ ਦੇ ਵਿਦਿਆਰਥੀ ਸੁਖਦੀਪ ਸਿੰਘ ਨੇ ਪੁਸਤਕ 'ਰੋਹੀ ਬੀਆਬਾਨ' ਅਤੇ ਅਤੇ ਬੀ.ਏ ਭਾਗ ਤੀਜਾ ਦੀ ਵਿਦਿਆਰਥਣ ਅਮਰਪਾਲ ਕੌਰ ਨੇ'ਕੋਠੇ ਖੜਕ ਸਿੰਘ' ਦਾ ਰੀਵਿਊ ਪੇਸ਼ ਕੀਤਾ। ਪ੍ਰਿੰਸੀਪਲ ਡਾ. ਸਤਿੰਦਰ ਕੌਰ ਮਾਨ ਨੇ ਵਿਦਿਆਰਥੀਆਂ ਨੂੰ ਸੰਬੋਧਿਤ ਕਰਦਿਆ ਕਿਹਾ ਕਿ ਕਿਤਾਬਾਂ ਉਹਨਾਂ ਦੀਆਂ ਸਭ ਤੋਂ ਚੰਗੀਆਂ ਦੋਸਤ ਹਨ, ਜੋ ਹਮੇਸ਼ਾ ਉਹਨਾਂ ਦਾ ਮਾਰਗਦਰਸ਼ਕ ਕਰਦੀਆਂ ਹਨ। ਉਹਨਾਂ ਨੇ ਬੱਚਿਆਂ ਨੂੰ ਲਾਇਬ੍ਰੇਰੀ ਵਿੱਚ ਆਉਣ ਅਤੇ ਵੱਧ ਤੋਂ ਵੱਧ ਕਿਤਾਬਾਂ ਪੜ੍ਹਨ ਬਾਰੇ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰੋ. ਅਰਸ਼ਦੀਪ ਸਿੰਘ ਅਤੇ ਪ੍ਰੋ. ਰਮਨਦੀਪ ਕੌਰ ਹਾਜ਼ਰ ਸਨ।

# ਖਾਟੂ ਸ਼ਿਆਮ ਅਤੇ ਸ਼੍ਰੀ ਸਾਲਾਸਰ ਧਾਮ ਦੇ ਦਰਸ਼ਨਾਂ ਲਈ ਬੱਸ ਰਵਾਨਾ



**ਗਿੱਦੜਬਾਹਾ, 3 ਸਤੰਬਰ (ਕੁਲਭੂਸ਼ਨ ਗਰਗ)** - ਸ਼੍ਰੀ ਸ਼ਿਆਮ ਮਿੱਤਰ ਮੰਡਲ ਗਿੱਦੜਬਾਹਾ ਵੱਲੋਂ ਗਿਆਰਸ ਦੇ ਸਬੰਧ ਵਿੱਚ ਇੱਕ ਸਪੈਸ਼ਲ ਬੱਸ ਗਿੱਦੜਬਾਹਾ ਤੋਂ ਖਾਟੂ ਸ਼ਿਆਮ ਅਤੇ ਸ਼੍ਰੀ ਸਾਲਾਸਰ ਧਾਮ ਦੇ ਦਰਸ਼ਨਾਂ ਲਈ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਸ਼੍ਰੀ ਸ਼ਿਆਮ ਮਿੱਤਰ ਮੰਡਲ ਗਿੱਦੜਬਾਹਾ ਵਲੋਂ ਬੀਤੀ ਰਾਤ 21ਵੀਂ ਬੱਸ ਨੂੰ ਗਿੱਦੜਬਾਹਾ ਤੋਂ ਖਾਟੂ ਸ਼ਿਆਮ ਅਤੇ ਸ਼੍ਰੀ ਸਾਲਾਸਰ ਧਾਮ ਦੇ ਦਰਸ਼ਨਾਂ ਲਈ ਰਵਾਨਾ ਕੀਤਾ ਗਿਆ। ਉਕਤ ਬੱਸ ਨੂੰ ਅਗਰਵਾਲ ਪੀਰਖਾਨਾ ਕਮੇਟੀ ਦੇ ਪ੍ਰਧਾਨ ਪਿਆਰੇ ਲਾਲ ਮਿੱਤਲ ਵਲੋਂ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸ਼੍ਰੀ ਸ਼ਿਆਮ ਮਿੱਤਰ ਮੰਡਲ ਗਿੱਦੜਬਾਹਾ ਦੇ ਤਰਸੇਮ ਕੁਮਾਰ ਲੋਹਾਕਾਰ ਨੇ ਦੱਸਿਆ ਕਿ ਉਕਤ ਬੱਸ ਵਿੱਚ ਲਗਭਗ 55 ਸ਼ਰਧਾਲੂਆਂ ਦਾ ਜੱਥਾ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਰਵਾਨਾ ਹੋਇਆ ਅਤੇ ਸ਼ਰਧਾਲੂਆਂ ਦੇ ਰਹਿਣ ਅਤੇ ਖਾਣ ਪੀਣ ਦਾ ਪ੍ਰਬੰਧ ਸੰਸਥਾ ਵੱਲੋਂ ਕੀਤਾ ਗਿਆ ਹੈ। ਉਕਤ ਬੱਸ ਸ਼੍ਰੀ ਸਾਲਾਸਰ ਧਾਮ ਅਤੇ ਖਾਟੂ ਸ਼ਿਆਮ ਦੇ ਦਰਸ਼ਨ ਕਰਵਾਉਂਦੀ ਹੋਈ ਵਾਪਸੀ ਸਮੇਂ ਇੱਛਾ ਪੂਰਨ ਮੰਦਿਰ ਦੇ ਦਰਸ਼ਨ ਕਰਵਾਉਣ ਤੋਂ ਬਾਅਦ ਗਿੱਦੜਬਾਹਾ ਵਾਪਸ ਪਹੁੰਚੇਗੀ। ਇਸ ਮੌਕੇ ਰਵੀ ਸ਼ਰਮਾ, ਜੇ.ਕੇ. ਸ਼ਰਮਾ, ਕਾਲੂ ਸ਼ਰਮਾਂ, ਜਤਿੰਦਰ ਕੁਮਾਰ, ਨਿਤਿਸ਼ ਕੁਮਾਰ ਅਤੇ ਨਰੇਸ਼ ਸ਼ਰਮਾਂ ਆਦਿ ਹਾਜਰ ਸਨ।

# ਮੀਂਹ ਕਾਰਨ ਪੈਦਾ ਹੋਈ ਸਥਿਤੀ 'ਤੇ ਐਸ.ਡੀ.ਐਮ. ਦੀ ਨਿਗਰਾਨੀ, ਡਰੇਨਾਂ ਦੀ ਸਫਾਈ ਦੇ ਹੁਕਮ ਜਾਰੀ





**ਭਵਾਨੀਗੜ੍ਹ, 3 ਸਤੰਬਰ (ਰਾਜ ਖੁਰਮੀ)** ਸਥਾਨਕ ਭਾਰੀ ਮੀਂਹ ਕਾਰਨ ਪੈਦਾ ਹੋਈ ਸਥਿਤੀ ਦਾ ਜਾਇਜ਼ਾ ਲੈਣ ਲਈ ਐਸ.ਡੀ.ਐਮ. ਮਨਜੀਤ ਕੌਰ ਵੱਲੋਂ ਸਬ ਡਵੀਜ਼ਨ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕੀਤਾ ਗਿਆ। ਇਸ ਦੌਰਾਨ ਐਨ.ਐਚ. 07 ਨਾਭਾ ਕੈਂਚੀਆਂ ਤੋਂ ਸਮਾਣਾ ਕੈਂਚੀਆਂ ਤੱਕ ਬਣੇ ਫਲਾਈਓਵਰ ਦੇ ਹੇਠਾਂ ਪਾਣੀ ਖੜ੍ਹਾ ਮਿਲਿਆ, ਜਿਸ ਦੀ ਨਿਕਾਸੀ ਲਈ ਤੁਰੰਤ ਜੇ.ਸੀ.ਬੀ. ਬੁਲਾ ਕੇ ਕੰਮ ਸ਼ੁਰੂ ਕਰਵਾਇਆ ਗਿਆ।ਐਸ.ਡੀ.ਐਮ. ਵਲੋਂ ਪਿੰਡ ਘਰਾਚੋਂ ਵਿੱਚੋਂ ਲੰਘ ਰਹੀ ਡਰੇਨ ਦਾ ਵੀ ਮੌਕਾ ਵੇਖਿਆ ਗਿਆ ਅਤੇ ਡਰੇਨ ਵਿੱਚੋਂ ਬੂਟੀ ਕਢਵਾਉਣ ਲਈ ਮਸ਼ੀਨਰੀ ਲਗਾ ਕੇ ਸਫਾਈ ਸ਼ੁਰੂ ਕਰਵਾਈ ਗਈ। ਇਸ ਮੌਕੇ ਉਨ੍ਹਾਂ ਨੇ ਰੈਵਨਿਊ ਫੀਲਡ ਸਟਾਫ ਨੂੰ ਹਦਾਇਤ ਕੀਤੀਆਂ ਕਿ ਸਾਰੇ ਕਾਨੂੰਗੋ ਅਤੇ ਪਟਵਾਰੀ ਆਪਣੇ ਹਲਕਿਆਂ ਵਿੱਚ ਹਾਜ਼ਰ ਰਹਿਣ ਅਤੇ ਜੇਕਰ ਮੀਂਹ ਕਾਰਨ ਕੋਈ ਜਾਨੀ ਜਾਂ ਮਾਲੀ ਨੁਕਸਾਨ ਹੁੰਦਾ ਹੈ ਤਾਂ ਉਸ ਦੀ ਰਿਪੋਰਟ ਤੁਰੰਤ ਸਦਰ ਦਫ਼ਤਰ ਨੂੰ ਭੇਜਣ।ਇਸ ਤੋਂ ਇਲਾਵਾ ਡਰੇਨਜ਼ ਵਿਭਾਗ ਦੇ ਅਧਿਕਾਰੀਆਂ ਨੂੰ ਵੀ ਚੇਤਾਵਨੀ ਦਿੱਤੀ ਗਈ ,ਕਿ ਸਬ ਡਵੀਜ਼ਨ ਭਵਾਨੀਗੜ੍ਹ ਵਿੱਚੋਂ ਲੰਘ ਰਹੀਆਂ ਸਰਹਿੰਦ ਚੋਅ, ਨਰੈਣਗੜ੍ਹ ਡਰੇਨ ਜਾਂ ਹੋਰ ਕਿਸੇ ਵੀ ਡਰੇਨ ਦੀ ਲਗਾਤਾਰ ਨਿਗਰਾਨੀ ਕੀਤੀ ਜਾਵੇ ਅਤੇ ਜੇਕਰ ਪਾਣੀ ਓਵਰਫਲੋ ਹੋਣ ਦੀ ਸਥਿਤੀ ਬਣਦੀ ਹੈ, ਤਾਂ ਤੁਰੰਤ ਨਿਕਾਸੀ ਲਈ ਕਾਰਵਾਈ ਕੀਤੀ ਜਾਵੇ।

# ਪੰਜਾਬ ਨੈਚਰੋਪੈਥੀ ਯੋਗਾ ਹਸਪਤਾਲ ਭਦੌੜ ਵਿਖੇ ਵੱਖ ਵੱਖ ਬਿਮਾਰੀਆਂ ਨਾਲ ਪੀੜਤ ਔਰਤ ਦਾ ਸਫਲਤਾ ਪੂਰਵਕ ਕੀਤਾ ਇਲਾਜ਼




**ਭਦੌੜ 3 ਸਤੰਬਰ (ਗਰਗ)** ਪੰਜਾਬ ਨੈਚਰੋਪੈਥੀ ਯੋਗਾ ਹਸਪਤਾਲ ਭਦੌੜ ਵਿਖੇ ਵੱਖ ਵੱਖ ਬਿਮਾਰੀਆਂ ਨਾਲ ਪੀੜ੍ਹਤ ਔਰਤ ਦਾ ਸਫਲਤਾ ਪੂਰਵਕ ਇਲਾਜ਼ ਨੈਚਰੋਪੈਥੀ ਵਿਧੀ ਨਾਲ ਕੀਤਾ ਗਿਆ। ਪੰਜਾਬ ਨੈਚਰੋਪੈਥੀ ਯੋਗਾ ਹਸਪਤਾਲ ਭਦੌੜ ਦੇ ਸੰਚਾਲਕ ਡਾ: ਗੁਰਮੇਲ ਸਿੰਘ ਵਿਰਕ ਰਿਟਾਇਰਡ ਸੀ.ਐਮ.ਓ. ਨੇ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਕਿ ਮਰੀਜ਼ ਪਰਮਜੀਤ ਕੌਰ ਨੂੰ ਪਿਛਲੇ ਕਈ ਸਾਲਾਂ ਤੋਂ ਸੱਜੀ ਕਿਡਨੀ ਵਿੱਚ ਕੈਂਸਰ, ਹਾਰਟ ਫੇਲ ਸਿਰਫ 25 ਪ੍ਰਤੀਸ਼ਤ ਕੰਮ ਕਰਦਾ ਸੀ, ਪੰਜ ਮਿੰਟ ਤੋਂ ਵੱਧ ਤੁਰ ਫਿਰ ਨਹੀ ਸਕਦੀ ਸੀ, ਗਾਲ ਬਲੈਡਰ ਤੇ ਪਿੱਤੇ ਵਿੱਚ ਪੱਥਰੀਆਂ ਸਨ, ਥਾਇਰਡ, ਜੀ ਕੱਚਾ, ਧੁੰਨੀ ਵਿੱਚ ਹਰਨੀਆਂ ਸਨ, ਅੰਡੇਦਾਨੀ ਵਿੱਚ ਰਸੌਲੀ, ਬਲੱਡ ਘੱਟ ਕੇ ਸਿਰਫ 8 ਗ੍ਰਾਮ ਰਹਿਣ ਕਾਰਨ ਕਈ ਬਿਮਾਰੀਆਂ ਦਾ ਸਾਹਮਣਾ ਕਰ ਰਹੀ ਸੀ ਅਤੇ ਇਨਾ ਬਿਮਾਰੀਆਂ ਦਾ ਮਸ਼ਹੂਰ ਤੋਂ ਮਸ਼ਹੂਰ ਡਾਕਟਰ ਸਾਹਿਬਾਨਾ ਕੋਲੋ ਇਲਾਜ਼ ਕਰਵਾਇਆ ਪਰਤੂੰ ਹਰ ਪਾਸਿਓ ਨਿਰਾਸ਼ਾ ਹੀ ਮਿਲੀ ਫਿਰ ਇਹ ਮਰੀਜ਼ ਆਪਣਾ ਇਲਾਜ਼ ਕਰਵਾਉਣ ਦੇ ਲਈ ਪੰਜਾਬ ਨੈਚਰੋਪੈਥੀ ਯੋਗਾ ਹਸਪਤਾਲ ਭਦੌੜ ਵਿਖੇ ਦਾਖਿਲ ਹੋਏ ਇਸ ਮਰੀਜ਼ ਦਾ ਇਲਾਜ਼ ਮੇਰੀ ਦੇਖ ਰੇਖ ਹੇਠ ਮੇਰੀ ਟੀਮ ਡਾ: ਮਨਿੰਦਰ ਸਿੰਘ ਵਿਰਕ ਨੈਚਰੋਪੈਥੀ ਫਿਜੀਓਥਰੈਪੀ ਦੇ ਮਾਹਿਰ, ਡਾ: ਉਪਿੰਦਰ ਸਿੰਘ ਵਿਰਕ ਐਮ.ਐਸ.ਆਰਥੋ ( ਹੱਡੀਆਂ ਦੇ ਮਾਹਿਰ) ਡਾ: ਸਿਵਾਂਗੀ ਵਿਰਕ ਨੈਚਰੋਪੈਥੀ ਖੁਰਾਕ ਯੋਗਾ ਦੇ ਮਾਹਿਰ ਨੇ ਬਿਨਾ ਕਿਸੇ ਦੁਵਾਈ ਖੁਆਇਆ ਸਿਰਫ ਮਿੱਟੀ, ਪਾਣੀ , ਹਵਾ, ਔਰਗਨਿਕ ਖਾਧ ਖੁਰਾਕ, ਫਲ ਫਰੂਟ, ਚੁੰਬਕ, ਮਾਲਿਸ਼, ਸੈਰ, ਯੋਗਾ, ਚੁੰਬਕ ਆਕੂਪੰਚਰ, ਆਕੂਪਰੈਸ਼ਰ, ਆਦਿ ਵਿਧੀਆਂ ਨਾਲ ਇਸ ਮਰੀਜ਼ ਦਾ ਇਲਾਜ਼ ਕੀਤਾ ਗਿਆ ਅਤੇ ਮਰੀਜ਼ ਦਾ ਇਲਾਜ਼ ਕਰਨ ਦੇ ਦੌਰਾਨ ਜੋ ਇਸ ਮਰੀਜ਼ ਨੂੰ ਬਿਮਾਰੀਆਂ ਲੱਗੀਆਂ ਹੋਈਆਂ ਸਨ ਉਹ ਲੱਗਭੱਗ ਸਾਰੀਆਂ ਠੀਕ ਹੋ ਗਈਆਂ ਹਨ। ਅਤੇ ਮਰੀਜ਼ ਹੁਣ ਡੇਢ ਘੰਟਾ ਸੈਰ ਕਰਦਾ ਹੈ। ਪੰਜਾਬ ਨੈਚਰੋਪੈਥੀ ਯੋਗਾ ਹਸਪਤਾਲ ਭਦੌੜ ਦੇ ਸੰਚਾਲਕ ਡਾ: ਗੁਰਮੇਲ ਸਿੰਘ ਵਿਰਕ ਨੇ ਇਹ ਵੀ ਕਿਹਾ ਕਿ ਇਹ ਵਿਧੀ ਭਾਰਤ ਸਰਕਾਰ ਤੋਂ ਮਾਨਤਾ ਪ੍ਰਾਪਤ ਵਿਧੀ ਹੈ ਇਸ ਵਿਧੀ ਨਾਲ ਵੱਡੀ ਤੋਂ ਵੱਡੀ ਬਿਮਾਰੀ ਠੀਕ ਕੀਤੀ ਜਾ ਸਕਦੀ ਹੈ।

# ਸੇਤੀਆ ਦਮਪਤੀ ਵੱਲੋਂ ਵਰਖਾ ਪ੍ਰਭਾਵਿਤ ਪਰਿਵਾਰ ਦੀ ਸਹਾਇਤਾ ਲਈ ਇਕ ਮਹੀਨੇ ਦੀ ਤਨਖ਼ਾਹ ਸਮਰਪਿਤ



**ਜਲਾਲਾਬਾਦ 03 ਸਤੰਬਰ (ਗਗਨ ਵਾਟਸ)** :- ਸਮਾਜ ਸੇਵਾ ਦੇ ਕਾਰਜਾਂ ਵਿੱਚ ਹਮੇਸ਼ਾਂ ਅੱਗੇ ਰਹਿਣ ਵਾਲੇ ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾ ਅਤੇ ਸਮਾਜਸੇਵੀ ਹਰੀਸ਼ ਸੇਤੀਆ ਅਤੇ ਉਨ੍ਹਾਂ ਦੀ ਪਤਨੀ, ਨਗਰ ਕੌਂਸਲ ਦੀ ਸੀਨੀਅਰ ਉਪ-ਪ੍ਰਧਾਨ ਅਨਿਤਾ ਸੇਤੀਆ ਨੇ ਮਨੁੱਖਤਾ ਦੀ ਵੱਡੀ ਮਿਸਾਲ ਪੇਸ਼ ਕਰਦਿਆਂ ਆਪਣੀ ਇਕ ਮਹੀਨੇ ਦੀ ਤਨਖ਼ਾਹ ਵਰਖਾ ਪ੍ਰਭਾਵਿਤ ਪਰਿਵਾਰ ਦੀ ਸਹਾਇਤਾ ਲਈ ਸਮਰਪਿਤ ਕੀਤੀ। ਗੌਰਤਲਬ ਹੈ ਕਿ ਹਾਲ ਹੀ ਵਿੱਚ ਭਾਰੀ ਵਰਖਾ ਕਾਰਨ ਦਸ਼ਮੇਸ਼ ਨਗਰ ਵਾਰਡ ਨੰਬਰ 15 ਦੇ ਨਿਵਾਸੀ ਸੰਦੀਪ ਕੁਮਾਰ ਦੇ ਘਰ ਦੀ ਛੱਤ ਅਚਾਨਕ ਢਹਿ ਗਈ ਸੀ, ਜਿਸ ਕਾਰਨ ਪਰਿਵਾਰ ਨੂੰ ਕਾਫ਼ੀ ਨੁਕਸਾਨ ਝੱਲਣਾ ਪਿਆ। ਇਸ ਹਾਦਸੇ ਤੋਂ ਬਾਅਦ ਪਰਿਵਾਰ ਆਰਥਿਕ ਸੰਕਟ ਦਾ ਸਾਹਮਣਾ ਕਰ ਰਿਹਾ ਸੀ।

ਇਸ ਸਮੇਂ ਵਿੱਚ ਕਈ ਸਮਾਜਿਕ ਸੰਸਥਾਵਾਂ ਮਦਦ ਲਈ ਅੱਗੇ ਆਈਆਂ। ਇਨ੍ਹਾਂ ਵਿੱਚੋਂ ਹੀ ਇੱਕ ਪ੍ਰਮੁੱਖ ਸੰਸਥਾ ਸਰਕਾਰ-ਏ-ਖਾਲਸਾ ਦੇ ਮੁਖੀ ਰਿੰਕੂ ਖਾਲਸਾ ਨੂੰ ਹਰੀਸ਼ ਸੇਤੀਆ ਅਤੇ ਅਨਿਤਾ ਸੇਤੀਆ ਨੇ ਆਪਣੀ ਇਕ ਮਹੀਨੇ ਦੀ ਤਨਖ਼ਾਹ ਸੌਂਪ ਕੇ ਪੀੜਤ ਪਰਿਵਾਰ ਤੱਕ ਸਹਾਇਤਾ ਪਹੁੰਚਾਉਣ ਦੀ ਜ਼ਿੰਮੇਵਾਰੀ ਦਿੱਤੀ। ਸੇਤੀਆ ਦਮਪਤੀ ਦੇ ਇਸ ਕਦਮ ਦੀ ਸਥਾਨਕ ਲੋਕਾਂ ਅਤੇ ਵੱਖ-ਵੱਖ ਸਮਾਜਿਕ ਵਰਗਾਂ ਵੱਲੋਂ ਖ਼ੂਬ ਸਰਾਹਨਾ ਕੀਤੀ ਜਾ ਰਹੀ ਹੈ। ਲੋਕ ਇਸਨੂੰ ਸਮਾਜ ਸੇਵਾ ਅਤੇ ਇਨਸਾਨੀਅਤ ਦੀ ਸੱਚੀ ਮਿਸਾਲ ਕਰਾਰ ਦੇ ਰਹੇ ਹਨ। ਹਰੀਸ਼ ਸੇਤੀਆ ਸਮੇਂ-ਸਮੇਂ 'ਤੇ ਸਮਾਜ ਸੇਵਾ ਅਤੇ ਜ਼ਰੂਰਤਮੰਦਾਂ ਦੀ ਸਹਾਇਤਾ ਲਈ ਜਾਣੇ ਜਾਂਦੇ ਹਨ ਅਤੇ ਹਮੇਸ਼ਾਂ ਹੀ ਸੁਰਖੀਆਂ 'ਚ ਰਹਿੰਦੇ ਹਨ।

# ਡਾ. ਹਰਪਾਲ ਸਿੰਘ ਢਿੱਲਵਾਂ ਹੜ੍ਹ ਪੀੜਤਾਂ ਦੀ ਮੱਦਦ ਲਈ ਮੂਹਰੇ ਆਏ


ਡਾ. ਹਰਪਾਲ ਸਿੰਘ ਢਿੱਲਵਾਂ

**ਕੋਟਕਪੂਰਾ, 3 ਸਤੰਬਰ (ਟਿੰਕੂ ਕੁਮਾਰ)** :- ਪੰਜਾਬ ਵਾਸੀਆਂ ਨੂੰ ਅੱਜ ਹੜ੍ਹਾਂ ਦੀ ਭਾਰੀ ਮਾਰ ਝੱਲਣੀ ਪੈ ਰਹੀ ਹੈ ਅਤੇ ਹੜ੍ਹਾਂ ਨਾਲ ਜੋ ਜਾਨੀ ਅਤੇ ਮਾਲੀ ਨੁਕਸਾਨ ਹੋ ਰਿਹਾ ਹੈ, ਉਹ ਨਾ ਸਹਿਣਯੋਗ ਹੈ। ਹੜ੍ਹ ਪ੍ਰਭਾਵਿਤ ਭਰਾਵਾਂ ਲਈ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਡਾ. ਹਰਪਾਲ ਸਿੰਘ ਢਿੱਲਵਾਂ, ਸਾਬਕਾ ਜ਼ਿਲ੍ਹਾ ਸਿੱਖਿਆ ਅਫ਼ਸਰ, ਮੈਂਬਰ ਪੰਜਾਬ ਸਟੇਟ ਫਾਰਮਜ਼ ਅਤੇ ਫ਼ਾਰਮ ਵਰਕਰ ਕਮਿਸ਼ਨ ਅਤੇ ਜ਼ਿਲ੍ਹਾ ਸਕੱਤਰ ਆਮ ਆਦਮੀ ਪਾਰਟੀ ਫ਼ਰੀਦਕੋਟ ਨੇ ਦਰਿਆਦਿਲੀ ਦਿਖਾਉਂਦਿਆਂ ਨਿਮਾਣੀ ਜਿਹੀ ਕੋਸ਼ਿਸ਼ ਕੀਤੀ ਹੈ ਕਿ ਹੜ੍ਹ ਪ੍ਰਭਾਵਿਤ ਭਰਾਵਾਂ ਲਈ 40 ਵਿਘੇ ਜ਼ਮੀਨ ਸੂਰਤਗੜ੍ਹ (ਰਾਜਸਥਾਨ) ਵਿੱਚ ਹੈ ਅਤੇ ਉੱਥੇ ਰਹਿਣ ਲਈ ਛੋਟਾ ਜਿਹਾ ਘਰ ਵੀ ਹੈ। ਹੁਣ ਉੱਥੇ ਬਹੁਤ ਹੀ ਵਧੀਆ ਮੂੰਗਫ਼ਲੀ, ਮੋਠ ਅਤੇ ਗੁਆਰੇ ਦੀ ਫ਼ਸਲ ਖੜੀ ਹੈ। ਜਿਹੜੇ ਵੀ ਹੜ੍ਹ ਪ੍ਰਭਾਵਿਤ ਪਰਿਵਾਰ ਹਨ, ਆਪਣੇ ਪਸ਼ੂਆਂ ਸਮੇਤ ਉੱਥੇ ਰਹਿਣਾ ਚਾਹੁੰਦੇ ਹਨ ਤਾਂ ਰਹਿ ਸਕਦੇ ਹਨ। ਉਹਨਾਂ ਦੱਸਿਆ ਕਿ ਖੜੀ ਫ਼ਸਲ ਮੂੰਗਫ਼ਲੀ, ਮੋਠ ਅਤੇ ਗੁਆਰ ਨੂੰ ਵੱਢ ਕੇ ਆਪਣੇ ਪਸ਼ੂਆਂ ਨੂੰ ਪਾ ਸਕਦੇ ਹਨ ਅਤੇ ਪਸ਼ੂਆਂ ਦੀ ਜਾਨ ਬਚਾ ਸਕਦੇ ਹਨ। ਜਿੰਨ੍ਹਾਂ ਚਿਰ ਹੜ੍ਹਾਂ ਦੀ ਮਾਰ ਚੱਲ ਰਹੀ ਹੈ, ਉੱਥੇ ਰਹਿ ਸਕਦੇ ਹਨ।

# ਪੰਜਾਬ ਪ੍ਰਧਾਨ ਸਰੂਪ ਚੰਦ ਸਿੰਗਲਾ ਵੱਲੋਂ ਰਾਜ ਪੱਧਰੀ 'ਮਹਾਰਾਜਾ ਅਗਰਸੈਨ ਜਯੰਤੀ' ਸਮਾਰੋਹ ਦਾ ਕਾਰਡ ਰਿਲੀਜ਼



**ਸ਼੍ਰੀ ਮੁਕਤਸਰ ਸਾਹਿਬ, 03 ਸਤੰਬਰ (ਰਵੀਨਾ ਅਰੋੜਾ)**- ਸ਼੍ਰੀ ਮੁਕਤਸਰ ਸਾਹਿਬ ਦੇ ਮਲੋਟ ਰੋਡ ਸਥਿਤ ਚਹਿਲ ਪੈਲੇਸ ਵਿਖੇ 21 ਸਤੰਬਰ ਦਿਨ ਐਤਵਾਰ ਨੂੰ ਮਨਾਏ ਜਾ ਰਹੇ ਸੂਬਾ ਪੱਧਰੀ ਮਹਾਰਾਜਾ ਅਗਰਸੈਨ ਜਨਮ ਸਮਾਰੋਹ ਦਾ ਕਾਰਡ ਅਗਰਵਾਲ ਸਭਾ ਦੇ ਪੰਜਾਬ ਪ੍ਰਧਾਨ ਸਰੂਪ ਚੰਦ ਸਿੰਗਲਾ ਵੱਲੋਂ ਰਿਲੀਜ਼ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੇ ਨਾਲ ਪੰਜਾਬ ਮਹਾਂ ਮੰਤਰੀ ਪਵਨ ਸਿੰਗਲ, ਅਗਰਵਾਲ ਸਭਾ ਦੇ ਚੇਅਰਮੈਨ ਬਲਦੇਵ ਸਹਾਏ ਗਰਗ, ਸ਼੍ਰੀ ਮੁਕਤਸਰ ਸਾਹਿਬ ਤੋਂ ਅਗਰਵਾਲ ਸਭਾ ਦੇ ਪ੍ਰਧਾਨ ਤਰਸੇਮ ਗੋਇਲ ਅਤੇ ਸਰਪ੍ਰਸਤ ਹਰੀਪਾਲ ਬਾਂਸਲ ਵੀ ਮੌਜੂਦ ਸਨ। ਸਮਾਗਮ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਗੋਇਲ ਨੇ ਦੱਸਿਆ ਕਿ ਪ੍ਰੋਗਰਾਮ ਦੀ ਸ਼ੁਰੂਆਤ ਬਾਅਦ ਦੁਪਹਿਰ 3 ਵਜੇ ਝੰਡਾ ਪੂਜਨ ਤੇ ਜੋਤ ਪ੍ਰਜਵੱਲਿਤ ਕਰਕੇ ਕੀਤੀ ਜਾਵੇਗੀ। ਪ੍ਰਧਾਨ ਗੋਇਲ ਨੇ ਸਮੁੱਚੇ ਅਗਰਵਾਲ ਸਮਾਜ ਨੂੰ ਅਪੀਲ ਕੀਤੀ ਕਿ ਉਹ ਇਸ ਰਾਜ ਪੱਧਰੀ ਸਮਾਗਮ 'ਚ ਪਰਿਵਾਰਾਂ ਸਮੇਤ ਪਹੁੰਚ ਕੇ ਆਪਣੀ ਹਾਜ਼ਰੀ ਲਗਵਾਉਣ ਤਾਂ ਜੋ ਬੱਚਿਆਂ ਤੇ ਨੌਜਵਾਨ ਪੀੜ੍ਹੀ ਨੂੰ ਮਹਾਰਾਜਾ ਅਗਰਸੈਨ ਜੀ ਦੇ ਜੀਵਨ ਕਾਲ ਬਾਰੇ ਜਾਨਣ ਦਾ ਮੌਕਾ ਮਿਲੇ ਤੇ ਉਨ੍ਹਾਂ ਵਲੋਂ ਦਰਸਾਏ ਗਏ ਰਸਤਿਆਂ 'ਤੇ ਚੱਲ ਸਕਣ।

# ਗਣੇਸ਼ ਉਤਸਵ ਨੂੰ ਲੈ ਕੇ ਬਾਲਾ ਜੀ ਧਾਮ ਵਿੱਚ ਗਣਪਤੀ ਪ੍ਰਤਿਮਾ ਦੀ ਸਥਾਪਨਾ





**ਜਲਾਲਾਬਾਦ 03 ਸਤੰਬਰ (ਗਗਨ ਵਾਟਸ)** :-ਸਥਾਨਕ ਬਾਲਾ ਜੀ ਧਾਮ ਮੰਦਿਰ ਵਿੱਚ ਗਣੇਸ਼ ਉਤਸਵ ਦੇ ਸ਼ੁਭ ਮੌਕੇ 'ਤੇ ਭਗਵਾਨ ਗਣੇਸ਼ ਜੀ ਦੀ ਪ੍ਰਤਿਮਾ ਦੀ ਸਥਾਪਨਾ ਵੱਡੀ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਕੀਤੀ ਗਈ। ਇਸ ਮੌਕੇ ਪੰਡਿਤ ਰਮੇਸ਼ ਕੁਮਾਰ ਨੇ ਵਿਧੀ-ਵਿਧਾਨ ਅਨੁਸਾਰ ਪੂਜਾ-ਅਰਚਨਾ ਕਰਵਾਈ।

ਪ੍ਰਤਿਮਾ ਸਥਾਪਨਾ ਸਮਾਗਮ ਵਿੱਚ ਪ੍ਰੇਮ ਕੁਮਾਰ ਵਲੇਚਾ, ਨਗਰ ਕੌਂਸਲ ਉਪ-ਪ੍ਰਧਾਨ ਹਰੀਸ਼ ਸੇਤੀਆ, ਦਰਸ਼ਨ ਲਾਲ ਵਧਵਾ, ਰਮਨ ਵਲੇਚਾ ਸਮੇਤ ਮੰਦਰ ਦੇ ਅਨੇਕਾਂ ਨੌਜਵਾਨ ਸੇਵਾਦਾਰ ਮੌਜੂਦ ਰਹੇ। ਸਾਰੇ ਮਾਹੌਲ ਵਿੱਚ ਧਾਰਮਿਕ ਭਗਤੀ ਅਤੇ ਉਲਾਸ ਦਾ ਦ੍ਰਿਸ਼ ਨਜ਼ਰ ਆਇਆ। ਮੰਦਿਰ ਪ੍ਰਬੰਧਕ ਕਮੇਟੀ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਪ੍ਰਤਿਮਾ ਦਾ ਵਿਸਰਜਨ 6 ਸਤੰਬਰ ਨੂੰ ਕੀਤਾ ਜਾਵੇਗਾ। ਇਸਦੇ ਨਾਲ ਹੀ ਗਣੇਸ਼ ਉਤਸਵ ਦੌਰਾਨ ਹਰ ਰਾਤ 8 ਵਜੇ ਤੋਂ 10 ਵਜੇ ਤੱਕ ਭਜਨ-ਕੀਰਤਨ ਦਾ ਆਯੋਜਨ ਕੀਤਾ ਜਾਵੇਗਾ, ਜਿਸ ਵਿੱਚ ਸਥਾਨਕ ਸ਼ਰਧਾਲੂ ਵੱਡੀ ਗਿਣਤੀ ਵਿੱਚ ਭਾਗ ਲੈਣਗੇ। ਧਾਰਮਿਕ ਸਮਾਗਮ ਨੂੰ ਲੈ ਕੇ ਭਕਤਾਂ ਵਿੱਚ ਖ਼ਾਸ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ ਅਤੇ ਸ਼ਰਧਾਲੂ ਗਣਪਤੀ ਬੱਪਾ ਦੇ ਦਰਸ਼ਨਾਂ ਲਈ ਬਾਲਾ ਜੀ ਧਾਮ ਪਹੁੰਚ ਰਹੇ ਹਨ।

# ਬਰਸਾਤੀ ਮੌਸਮ ਦੌਰਾਨ ਇਨਫੈਕਸ਼ਨ ਵਾਲੀਆਂ ਬਿਮਾਰੀਆਂ ਤੋਂ ਬਚਣ ਲਈ ਸਿਹਤ ਵਿਭਾਗ ਵਲੋਂ ਅਡਵਾਇਜ਼ਰੀ ਜਾਰੀ

## ਬਰਸਾਰੀ ਮੌਸਮ ਦੌਰਾਨ ਇਨਫੈਕਸ਼ਨ ਤੋਂ ਬਚਣ ਲਈ ਖਾਣ ਪੀਣ ਦਾ ਖਾਸ ਧਿਆਨ ਰੱਖਿਆ ਜਾਵੇ: ਡਾ ਜਗਦੀਪ ਚਾਵਲਾ



**ਸ਼੍ਰੀ ਮੁਕਤਸਰ ਸਾਹਿਬ, 03 ਸਤੰਬਰ (ਲੱਕੀ ਚੜ੍ਹੇਵਾਨ)** ਪਿਛਲੇ ਕੁਝ ਦਿਨਾਂ ਤੋਂ ਲਗਾਤਾਰ ਬਰਸਾਤ ਹੋਣ ਕਾਰਨ ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਬਰਸਾਤ ਦੌਰਾਨ ਹੋਣ ਵਾਲੀਆਂ ਬਿਮਾਰੀਆਂ ਸਬੰਧੀ ਅਡਵਾਇਜ਼ਰੀ ਜਾਰੀ ਕੀਤੀ ਹੈ ।ਇਸ ਸਬੰਧ ਵਿਚ ਡਾ. ਜਗਦੀਪ ਚਾਵਲਾ ਸਿਵਲ ਸਰਜਨ ਸ਼੍ਰੀ ਮੁਕਤਸਰ ਸਾਹਿਬ ਨੇ ਕਿਹਾ ਕਿ ਸਿਹਤ ਵਿਭਾਗ ਵਲੋਂ ਬਰਸਾਤਾਂ ਦੌਰਾਨ ਹੋਣ ਵਾਲੀਆਂ ਬੀਮਾਰੀਆਂ ਤੋਂ ਲੋਕਾਂ ਨੂੰ ਬਚਾਉਣ ਲਈ ਲਗਾਤਾਰ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਲੋਕਾਂ ਨੂੰ ਜਾਗਰੁਕ ਕੀਤਾ ਜਾ ਰਿਹਾ ਹੈ ।ਉਨ੍ਹਾ ਕਿਹਾ ਕਿ ਸਿਹਤ ਵਿਭਾਗ ਦੀਆਂ ਟੀਮਾਂ ਘਰ ਘਰ ਜਾ ਕੇ ਲੋਕਾਂ ਨੂੰ ਮਲੇਰੀਆਂ ਅਤੇ ਡੇਂਗੂ ਤੋਂ ਬਚਾਉਣ ਲਈ ਜਾਗਰੁਕ ਕੀਤਾ ਜਾ ਰਿਹਾ ਹੈ ਅਤੇ ਇਸ ਦੇ ਨਾਲ ਹੀ ਬਰਸਾਤਾਂ ਦੌਰਾਨ ਹੋਣ ਵਾਲੀਆ ਹੋਰ ਬੀਮਾਰੀਆਂ ਬਾਰੇ ਵੀ ਜਾਗਰੁਕ ਕੀਤਾ ਜਾ ਰਿਹਾ ਹੈ ।ਉਨ੍ਹਾ ਦੱਸਿਆ ਕਿ ਅੱਜ ਸਿਹਤ ਵਿਭਾਗ ਦੀਆਂ ਟੀਮਾ ਵਲੋਂ ਅਬੋਹਰ ਰੋਡ ਦੀ ਗਲੀਆ, ਦਸ਼ਮੇਸ਼ ਨਗਰ ਦੀਆਂ ਗਲੀਆ, ਤੇਲੀਆ ਵਾਲੀ ਗਲੀ ਅਤੇ ਹੋਰ ਜਨਤਕ ਥਾਂਵਾਂ ਤੇ ਘਰ ਘਰ ਜਾ ਕੇ ਗਤੀਵਿਧੀਆਂ ਕੀਤੀਆਂ ਗਈਆਂ ਅਤੇ ਜਾਗਰੁਕ ਕੀਤਾ ਗਿਆ ।ਉਨ੍ਹਾ ਕਿਹਾ ਕਿ ਪੀਣ ਲਈ ਸਿਰਫ ਸਾਫ ਪਾਣੀ ਦੀ ਵਰਤੋਂ ਕੀਤੀ ਜਾਵੇ, ਪੀਣ ਵਾਲੇ ਪਾਣੀ ਨੂੰ ਉਬਾਲ ਕਰਕੇ ਠੰਡਾ ਕਰਕੇ ਪੀਣ ਲਈ ਵਰਤਿਆ ਜਾਵੇ, ਇਨਫੈਕਸ਼ਨ ਨੂੰ ਕੰਟਰੋਲ ਕਰਨ ਲਈ ਸਮੇਂ ਸਮੇਂ ਤੇ ਸਾਬਣ ਅਤੇ ਪਾਣੀ ਨਾਲ ਹੱਥ ਧੋਤੇ ਜਾਣ, ਹੜਾਂ ਦੇ ਪਾਣੀ ਨਾਲ ਗਿੱਲੇ ਖਾਣੇ ਨੂੰ ਖਾਣ ਤੋਂ ਪ੍ਰਹੇਜ ਕੀਤਾ ਜਾਵੇ, ਜੇਕਰ ਕਿਸੇ ਨੂੰ ਬੁਖਾਰ ਜਾਂ ਦਸਤ ਦੀ ਸਮੱਸਿਆ ਆਉਂਦੀ ਹੈ ਤਾਂ ਤੁਰੰਤ ਨੇੜੇ ਦੀ ਸਰਕਾਰੀ ਸਿਹਤ ਸੰਸਥਾ ਨਾਲ ਸੰਪਰਕ ਕੀਤਾ ਜਾਵੇ। ਜੇਕਰ ਕਿਸੇ ਏਰੀਏ ਵਿਚ ਇਕ ਹੀ ਜਗਾ ਤੇ ਤਿੰਨ ਤੋਂ ਵੱਧ ਇਨਫੈਕਸ਼ਨ ਜਾਂ ਦਸਤਾਂ ਵਾਲੇ ਕੇਸਾਂ ਬਾਰੇ ਪਤਾ ਲੱਗਦਾ ਹੈ ਤਾਂ ਤੁਰੰਤ ਨੇੜੇ ਦੀ ਸਰਕਾਰੀ ਸਿਹਤ ਸੰਸਥਾ ਨੂੰ ਸੂਚਿਤ ਕੀਤਾ ਜਾਵੇ। ਹੜਾਂ ਦੌਰਾਨ ਦੂਸ਼ਿਤ ਪਾਣੀ ਅਤੇ ਕੀੜਿਆਂ ਦੇ ਕੱਟਣ ਨਾਲ ਚਮੜੀ ਤੇ ਬੈਕਟੀਰੀਅਲ ਇਨਫੈਕਸ਼ਨ ਹੋ ਸਕਦੀ ਹੈ ਇਸ ਲਈ ਪੂਰੀ ਬਾਂਹ ਵਾਲੇ ਕੱਪੜੇ ਪਾਏ ਜਾਣ ਅਤੇ ਪੈਰਾਂ ਵਿਚ ਰਬੜ ਦੇ ਬੂਟ ਪਾਏ ਜਾਣ, ਇਨਫੈਕਸ਼ਨ ਹੋਣ ਤੇ ਨੇੜੇ ਦੀ ਸਿਹਤ ਸੰਸਥਾ ਨਾਲ ਸੰਪਰਕ ਕੀਤਾ ਜਾਵੇ। ਹੜਾਂ ਦੌਰਾਨ ਸੱਪ ਦੇ ਕੱਟਣ ਦੀਆ ਘਟਨਾਵਾਂ ਆਮ ਹੋ ਜਾਂਦੀਆਂ ਹਨ ਇਸ ਲਈ ਕੋਸ਼ਿਸ਼ ਕੀਤੀ ਜਾਵੇ ਕਿ ਖੜੇ ਪਾਣੀ ਵਿਚ ਨਾ ਜਾਉ ਅਤੇ ਜੇਕਰ ਪਾਣੀ ਵਿਚ ਜਾਣਾ ਜਰੂਰੀ ਹੋਵੇ ਤਾਂ ਲੰਬੇ ਬੂਟ ਪਾ ਕੇ ਜਾਉ,ਜੇਕਰ ਸੱਪ ਕੱਟ ਲੈਂਦਾ ਹੈ ਤਾਂ ਤੁਰੰਤ ਇਲਾਜ ਲਈ ਨੇੜੇ ਦੀ ਸਿਹਤ ਸੰਸਥਾ ਨਾਲ ਸੰਪਰਕ ਕੀਤਾ ਜਾਵੇ।

ਇਸ ਸਮੇਂ ਡਾ. ਹਰਕੀਰਤਨ ਸਿੰਘ ਜਿਲ੍ਹਾ ਐਪੀਡੀਮੋਲੋਜਿਸਟ ਨੇ ਕਿਹਾ ਕਿ ਬਰਸਾਤਾਂ ਦੌਰਾਨ ਉਲਟੀਆਂ ਜਾਂ ਦਸਤ ਹੋਣ ਦੀ ਸੂਰਤ ਵਿੱਚ ਓ.ਆਰ.ਐਸ. (ਜੀਵਨ ਰੱਖਿਅਕ ਘੋਲ) ਦੀ ਵਰਤੋਂ ਕਰਨੀ ਚਾਹੀਦੀ ਹੈ, ਜੋ ਕਿ ਸਿਹਤ ਵਿਭਾਗ ਵੱਲੋਂ ਸਾਰੀਆ ਸਰਕਾਰੀ ਸਿਹਤ ਸੰਸਥਾਵਾਂ ਵਿਚ ਮੁਫ਼ਤ ਦਿੱਤਾ ਜਾ ਰਿਹਾ ਹੈ।ਸਾਨੂੰ ਪਾਣੀ ਉਬਾਲ ਕੇ ਜਾਂ ਕਲੋਰੀਨੇਟ ਕਰਕੇ ਪੀਣਾ ਚਾਹੀਦਾ ਹੈ, ਪਾਣੀ ਸਾਫ਼ ਕਰਨ ਲਈ ਸਿਹਤ ਵਿਭਾਗ ਵੱਲੋਂ ਕਲੋਰੀਨ ਦੀਆਂ ਗੋਲੀਆਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ। ਆਪਣੀ ਨਿੱਜੀ ਸਫ਼ਾਈ ਅਤੇ ਆਲੇ ਦੁਆਲੇ ਦੀ ਸਫ਼ਾਈ ਦਾ ਖਾਸ ਧਿਆਨ ਰੱਖਿਆ ਜਾਵੇ। ਖਾਣ ਪੀਣ ਵਾਲੀਆਂ ਵਸਤਾਂ ਹਮੇਸ਼ਾ ਢੱਕ ਕੇ ਰੱਖੋ। ਜਿਆਦਾ ਪੱਕੇ ਹੋਏ ਜਾਂ ਕੱਟੇ ਹੋਏ ਫ਼ਲ ਜਾਂ ਸਬਜ਼ੀਆਂ ਨਹੀਂ ਖਰੀਦਣੀਆਂ ਚਾਹੀਦੀਆਂ। ਬਜਾਰਾਂ ਵਿੱਚ ਵਿਕ ਰਹੇ ਪੱਕੇ ਅਤੇ ਕੱਟੇ ਹੋਏ ਫਲ ਅਤੇ ਸਬਜੀਆਂ ਨਹੀਂ ਖਾਣੀਆਂ ਚਾਹੀਦੀਆਂ ਅਤੇ ਬਾਸੀ ਖਾਣਾ ਖਾਣ ਤੋਂ ਪ੍ਰਹੇਜ ਕਰਨਾ ਚਾਹੀਦਾ ਹੈ ।ਬਜ਼ਾਰਾਂ ਵਿਚੋਂ ਲਿਆ ਕੇ ਖਾਣ ਤੋਂ ਪ੍ਰਹੇਜ ਕਰਨਾ ਚਾਹੀਦਾ ਹੈ ਅਤੇ ਘਰ ਦਾ ਬਣਿਆ ਹੋਇਆ ਤਾਜ਼ਾ ਖਾਣਾ ਹੀ ਖਾਣਾ ਚਾਹੀਦਾ ਹੈ। ਮੱਖੀਆਂ ਤੋਂ ਬਚਾਅ ਲਈ ਖਾਣ ਪੀਣ ਵਾਲੀਆਂ ਵਸਤੂਆਂ ਨੂੰ ਢੱਕ ਕੇ ਰੱਖਣਾ ਚਾਹੀਦਾ ਹੈ। ਖਾਣਾ ਬਣਾਉਣ, ਖਾਣਾ ਖਾਣ , ਖਾਣਾ ਵਰਤਾਉਣ ਤੋਂ ਪਹਿਲਾਂ ਅਤੇ ਸੌਚ ਜਾਣ ਤੋਂ ਬਾਅਦ ਆਪਣੇ ਹੱਥ ਸਾਬਣ ਨਾਲ ਚੰਗੀ ਤਰ੍ਹਾਂ ਧੋਣੇ ਚਾਹੀਦੇ ਹਨ। ਬਿਮਾਰੀ ਹੋਣ ਦੀ ਸੂਰਤ ਵਿੱਚ ਨੇੜੇ ਦੇ ਸਿਹਤ ਕੇਂਦਰ ਨਾਲ ਸੰਪਰਕ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਡੇਂਗੂ ਅਤੇ ਮਲੇਰੀਆ ਤੋਂ ਬਚਣ ਲਈ ਜਾਲੀਦਾਰ ਕਮਰਿਆਂ ਵਿਚ ਸੁੱਤਾ ਜਾਵੇ, ਮੱਛਰਦਾਨੀਆਂ ਦੀ ਵਰਤੋਂ ਕੀਤੀ ਜਾਵੇ, ਸਰੀਰ ਨੂੰ ਪੂਰਾ ਢੱਕਣ ਵਾਲੇ ਕੱਪੜੇ ਪਾਏ ਜਾਣ ਅਤੇ ਮੱਛਰ ਭਜਾਉਣ ਵਾਲੀਆਂ ਕਰੀਮਾਂ ਦੀ ਵਰਤੋਂ ਕੀਤੀ ਜਾਵੇ। ਇਸ ਮੌਕੇ ਸੁਖਮੰਦਰ ਸਿੰਘ ਜਿਲ੍ਹਾ ਮਾਸ ਮੀਡੀਆ ਅਫਸਰ,ਵਿਨੋਦ ਕੁਮਾਰ ਸਹਾਇਕ ਮਲੇਰੀਆ ਅਫਸਰ, ਭਗਵਾਨ ਦਾਸ ਅਤੇ ਲਾਲ ਚੰਦ ਜਿਲ੍ਹਾ ਸਿਹਤ ਇੰਸਪੈਕਟਰ, ਸਿਹਤ ਵਰਕਰ ਅਮ੍ਰਿਤਪਾਲ ਸਿੰਘ, ਜਸਕਰਨ ਸਿੰਘ, ਹਰਮੇਲ ਸਿੰਘ, ਜਗਮੀਤ ਸਿੰਘ ਸ਼ਾਮਿਲ ਸਨ।

# ਸਟੱਡੀ ਸਰਕਲ ਨੇ ਨੈਤਿਕ ਸਿੱਖਿਆ ਪ੍ਰੀਖਿਆ ਦਾ ਨਤੀਜਾ ਐਲਾਨਿਆ



**ਗਿੱਦੜਬਾਹਾ, 3 ਸਤੰਬਰ (ਕੁਲਭੂਸ਼ਨ ਗਰਗ)** - ਨੌਜਵਾਨਾਂ ਅੰਦਰ ਨੈਤਿਕ ਕਦਰਾਂ ਕੀਮਤਾਂ ਪੈਦਾ ਕਰਨ ਲਈ ਸ਼ੁਰੂ ਕੀਤੇ ਕੰਮਾਂ ਤਹਿਤ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਬੀਤੀ 22 ਅਗਸਤ ਨੂੰ ਲਈ ਗਈ ਨੈਤਿਕ ਸਿੱਖਿਆ ਪ੍ਰੀਖਿਆ ਦਾ ਨਤੀਜਾ ਖੇਤਰ ਗਿੱਦੜਬਾਹਾ ਵੱਲੋਂ ਐਲਾਨਿਆ ਗਿਆ। ਖੇਤਰ ਪ੍ਰਧਾਨ ਸੁਖਚੈਨ ਸਿੰਘ ਨੇ ਦੱਸਿਆ ਕਿ ਗਿੱਦੜਬਾਹਾ ਖੇਤਰ ਦੀਆਂ 27 ਵਿੱਦਿਅਕ ਸੰਸਥਾਵਾਂ ਦੇ 2300 ਵਿਦਿਆਰਥੀਆਂ ਨੇ ਇਸ ਪ੍ਰੀਖਿਆ ਵਿੱਚ ਭਾਗ ਲਿਆ, ਜਦੋਂਕਿ ਇਸ ਵਾਰ ਦੀ ਪ੍ਰੀਖਿਆ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਵਰ੍ਹੇ ਨੂੰ ਸਮਰਪਿਤ ਉਨ੍ਹਾਂ ਦੀ ਜੀਵਨੀ ਵਿੱਚੋਂ ਕਰਵਾਈ ਗਈ। ਇਸ ਪ੍ਰੀਖਿਆ ਵਿੱਚ ਛੇਵੀਂ ਤੋਂ ਅੱਠਵੀਂ (ਦਰਜਾ ਦੂਜਾ) ਵਿੱਚ ਹਰਨੂਰ ਕੌਰ ਗੁਰੂ ਗੋਬਿੰਦ ਸਿੰਘ ਪਬਲਿਕ ਹਾਈ ਸਕੂਲ ਬੱਲੂਆਣਾ ਨੇ ਪਹਿਲਾ, ਕਿਰਨਜੋਤ ਕੌਰ ਦਸਮੇਸ਼ ਪਿਤਾ ਪਬਲਿਕ ਸਕੂਲ ਝੁੰਬਾ ਨੇ ਦੂਜਾ ਅਤੇ ਹਰਨੂਰ ਕੌਰ ਅਕਾਲ ਅਕੈਡਮੀ ਮਧੀਰ ਨੇ ਤੀਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਨੌਵੀਂ ਤੋਂ ਬਾਰਵੀਂ (ਦਰਜਾ ਤੀਜਾ) ਵਿੱਚ ਹਰਨੂਰ ਕੌਰ ਗੁਰੂ ਗੋਬਿੰਦ ਸਿੰਘ ਪਬਲਿਕ ਹਾਈ ਸਕੂਲ ਬੱਲੂਆਣਾ ਨੇ ਪਹਿਲਾ, ਅਰਸ਼ਦੀਪ ਕੌਰ ਗੁਰੂ ਗੋਬਿੰਦ ਸਿੰਘ ਪਬਲਿਕ ਹਾਈ ਸਕੂਲ ਬੱਲੂਆਣਾ ਨੇ ਦੂਜਾ ਅਤੇ ਖੁਸ਼ਦੀਪ ਕੌਰ ਦਸਮੇਸ਼ ਪਿਤਾ ਪਬਲਿਕ ਸਕੂਲ ਝੁੰਬਾ ਨੇ ਤੀਜਾ ਸਥਾਨ ਹਾਸਲ ਕੀਤਾ। ਉਨ੍ਹਾਂ ਦੱਸਿਆ ਕਿ ਇੰਨਾਂ ਤੋਂ ਇਲਾਵਾ 58 ਬੱਚਿਆਂ ਦੀ ਮੈਰਿਟ ਸੂਚੀ ਵੀ ਜਾਰੀ ਕੀਤੀ ਗਈ, ਜਦੋਂਕਿ ਪਹਿਲੇ ਸਥਾਨਾਂ ਤੇ ਆਏ ਵਿਦਿਆਰਥੀਆਂ ਨੂੰ ਸਲਾਨਾ ਅੰਤਰ ਸਕੂਲ ਯੁਵਕ ਮੇਲੇ ਮੌਕੇ ਸਨਮਾਨਿਤ ਕੀਤਾ ਜਾਵੇਗਾ।

# ਗਿਆਰਸ ਦੇ ਸਬੰਧ ਵਿੱਚ ਸ਼ਰਧਾਲੂਆਂ ਦਾ ਇਕ ਜੱਥਾ ਖਾਟੂ ਸ਼ਿਆਮ ਅਤੇ ਸ਼੍ਰੀ ਸਾਲਾਸਰ ਧਾਮ ਦੇ ਦਰਸ਼ਨਾਂ ਲਈ ਰਵਾਨਾ




**ਗਿੱਦੜਬਾਹਾ, 3 ਸਤੰਬਰ (ਕੁਲਭੂਸ਼ਨ ਗਰਗ)** ਸ਼੍ਰੀ ਸ਼ਿਆਮ ਸੇਵਾ ਮੰਡਲ ਗਿੱਦੜਬਾਹਾ ਵੱਲੋਂ ਗਿਆਰਸ ਦੇ ਸਬੰਧ ਵਿੱਚ ਇਲਾਕੇ ਦੇ ਸ਼ਰਧਾਲੂਆਂ ਲਈ ਖਾਟੂ ਸ਼ਿਆਮ ਅਤੇ ਸ਼੍ਰੀ ਸਾਲਾਸਰ ਧਾਮ ਦੇ ਦਰਸ਼ਨਾ ਲਈ ਇੱਕ ਸਪੈਸ਼ਲ ਬੱਸ ਗਿੱਦੜਬਾਹਾ ਤੋਂ ਖਾਟੂ ਸ਼ਿਆਮ ਅਤੇ ਸ਼੍ਰੀ ਸਾਲਾਸਰ ਧਾਮ ਦੇ ਦਰਸ਼ਨਾਂ ਲਈ ਸ਼ੁਰੂ ਕੀਤੀ ਗਈ ਹੈ। ਬੀਤੀ ਰਾਤ ਸ਼੍ਰੀ ਸ਼ਿਆਮ ਸੇਵਾ ਮੰਡਲ ਗਿੱਦੜਬਾਹਾ ਵੱਲੋਂ ਗਿਆਰਸ ਦੇ ਸਬੰਧ ਵਿੱਚ ਇਕ ਬੱਸ ਖਾਟੂ ਸ਼ਿਆਮ ਅਤੇ ਸ਼੍ਰੀ ਸਾਲਾਸਰ ਧਾਮ ਦੇ ਦਰਸ਼ਨਾਂ ਲਈ ਰਵਾਨਾ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸ਼੍ਰੀ ਸ਼ਿਆਮ ਸੇਵਾ ਮੰਡਲ ਗਿੱਦੜਬਾਹਾ ਦੇ ਪ੍ਰਧਾਨ ਰਾਜਿੰਦਰ ਸਿੰਗਲਾ ਨੇ ਦੱਸਿਆ ਕਿ ਉਕਤ ਬੱਸ ਨੂੰ ਗਿੱਦੜਬਾਹਾ ਦੇ ਪ੍ਰੋਪਟੀ ਡੀਲਰ ਰਮੇਸ਼ ਕੁਮਾਰ ਟੀਨਾਂ ਅਤੇ ਉਨਾਂ ਦੇ ਪਰਿਵਾਰ ਵਲੋਂ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ। ਉਨਾਂ ਨੇ ਦੱਸਿਆ ਕਿ ਉਕਤ ਬੱਸ ਵਿੱਚ ਲਗਭਗ 57 ਸ਼ਰਧਾਲੂਆਂ ਦਾ ਜੱਥਾ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਰਵਾਨਾ ਹੋਇਆ ਅਤੇ ਸ਼ਰਧਾਲੂਆਂ ਦੇ ਰਹਿਣ ਅਤੇ ਖਾਣ ਪੀਣ ਦਾ ਪ੍ਰਬੰਧ ਸੰਸਥਾ ਵੱਲੋਂ ਕੀਤਾ ਗਿਆ ਹੈ। ਉਕਤ ਬੱਸ ਸ਼੍ਰੀ ਸਾਲਾਸਰ ਧਾਮ ਅਤੇ ਖਾਟੂ ਸ਼ਿਆਮ ਦੇ ਦਰਸ਼ਨ ਕਰਵਾਉਂਦੀ ਹੋਈ ਵਾਪਸੀ ਸਮੇਂ ਇੱਛਾ ਪੂਰਨ ਮੰਦਿਰ ਦੇ ਦਰਸ਼ਨ ਕਰਵਾਉਣ ਤੋਂ ਬਾਅਦ ਗਿੱਦੜਬਾਹਾ ਵਾਪਸ ਪਹੁੰਚੇਗੀ। ਇਸ ਦੌਰਾਨ ਵਿਸ਼ੇਸ਼ ਤੌਰ ਤੇ ਉਕਤ ਬੱਸ ਵਿਚ ਜਾਣ ਵਾਲੇ ਸ਼ਰਧਾਲੂਆਂ ਅਤੇ ਸ਼੍ਰੀ ਸ਼ਿਆਮ ਸੇਵਾ ਮੰਡਲ ਦੇ ਮੈਂਬਰਾਂ ਵਲੋਂ ਪ੍ਰਮਾਤਮਾਂ ਅੱਗੇ ਅਰਦਾਸ ਕੀਤੀ ਗਈ ਕਿ ਪੰਜਾਬ ਵਿੱਚ ਆਏ ਭਿਆਨਕ ਹੜਾਂ ਕਾਰਨ ਆਪਣੇ ਘਰਾਂ ਤੋਂ ਬੇਘਰ ਹੋਏ ਲੋਕਾਂ ਅਤੇ ਹੜਾਂ ਦੀ ਮਾਰ ਸਹਿ ਰਹੇ ਲੋਕਾਂ ਨੂੰ ਹੌਸਲਾ ਬਖ਼ਸ਼ੇ ਅਤੇ ਉਨ੍ਹਾਂ ਦੀ ਜ਼ਿੰਦਗੀ ਵਿੱਚ ਜਲਦ ਦੁਬਾਰਾ ਸੁਖ-ਸ਼ਾਂਤੀ ਕਾਇਮ ਹੋਵੇ। ਉਨਾਂ ਨੇ ਅਰਦਾਸ ਕਰਦਿਆਂ ਕਿਹਾ ਕਿ ਪ੍ਰਮਾਤਮਾਂ ਪੰਜਾਬ ਉੱਤੇ ਆਪਣਾ ਮਿਹਰ ਭਰਿਆ ਹੱਥ ਰੱਖੇ ਅਤੇ ਹਰ ਪਰਿਵਾਰ ਨੂੰ ਹੌਸਲਾ ਦੇਵੇ ਅਤੇ ਇਸ ਮੁਸੀਬਤ ਤੋਂ ਜਲਦ ਛੁਟਕਾਰਾ ਮਿਲੇ। ਇਸ ਮੌਕੇ ਰਜਿੰਦਰ ਸਿੰਗਲਾ, ਧਰਮਪਾਲ ਸਿੰਘ ਰਿੰਕੂ ਢੱਲਾ, ਰਾਹੁਲ ਮੰਗਲਾ, ਸਾਹਿਲ ਮੋਂਗਾ ਹਨੀ, ਹੈਪੀ ਸ਼ਰਮਾ ਅਤੇ ਨਵੀਨ ਗਰਗ ਆਦਿ ਹਾਜ਼ਰ ਸਨ।